MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 09 ISSUE : 09 SATURDAY, 27 FEBRUARY, 2021
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਕੋਵਿਡ ਟੀਕੇ ਦੀ ਉਪਲਬਧਤਾ ਨਾ ਹੋਣ ਕਾਰਨ ਟਰੂਡੋ ਦੀ ਲੋਕਪ੍ਰਿਯਤਾ ਘਟੀ



ਓਟਵਾ-ਕੋਵਿਡ-19 ਟੀਕੇ ਦੀ ਖ਼ਰੀਦ ਅਤੇ ਸਪਲਾਈ ਵਿਚ ਦੇਰੀ ਕਾਰਨ ਟਰੂਡੋ ਤੋਂ ਲੋਕਾਂ ਦਾ ਮਨ ਖੱਟਾ ਹੋਇਆ ਹੈ। ਲੋਕ ਰਾਇ ਜਿਹੜੀ ਸੋਮਵਾਰ ਰਿਲੀਜ਼ ਕੀਤੀ ਗਈ ਮੁਤਾਬਿਕ ਕੈਨੇਡਾ ਦੀ ਕੋਵਿਡ-19 ਟੀਕਾਕਰਣ ਸ਼ੁਰੂ ਹੋਣ 'ਚ ਦੇਰੀ ਕਾਰਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਪਰੂਵਲ ਰੇਟਿੰਗ ਘਟ ਰਹੀ ਹੈ। ਐਂਗਸ ਰੀਡ ਇੰਸਟੀਚਿਊਟ ਦੇ ਸਰਵੇਖਣ ਵਿਚ ਪਾਇਆ ਕਿ ਟਰੂਡੋ ਦੀ ਅਪਰੂਵਲ ਰੇਟਿੰਗ ਜਨਵਰੀ ਵਿਚ ਜਿਹੜੀ 45 ਫ਼ੀਸਦੀ ਸੀ, ਪੰਜ ਫ਼ੀਸਦੀ ਘਟੀ ਹੈ ਅਤੇ ਬਹੁਤੇ ਕੈਨੇਡੀਅਨਾਂ ਦਾ ਵਿਸ਼ਵਾਸ਼ ਹੈ ਕਿ ਲਿਬਰਲ ਸਰਕਾਰ ਨੇ ਕੋਰੋਨਾਵਾਇਰਸ ਟੀਕਿਆਂ ਦੀ ਖਰੀਦ ਵਿਚ ਮਾੜਾ ਕੰਮ ਕੀਤਾ ਹੈ। ਆਪਣੇ ਆਪ ਕੀਤੇ ਸਰਵੇਖਣ ਵਿਚ 33 ਫ਼ੀਸਦੀ ਲੋਕਾਂ ਨੇ ਕਿਹਾ ਕਿ ਉਹ ਟਰੂਡੋ ਦੀ ਕਾਰਗੁਜ਼ਾਰੀ ਨੂੰ ਜ਼ੋਰਦਾਰ ਤਰੀਕੇ ਨਾਲ ਅਪ੍ਰਵਾਨ ਕਰਦੇ ਹਨ ਜਦਕਿ 9 ਫ਼ੀਸਦੀ ਨੇ ਕਿਹਾ ਕਿ ਉਹ ਪੂਰੀ ਮਜ਼ਬੂਤੀ ਨਾਲ ਪ੍ਰਵਾਨ ਕਰਦੇ ਹਨ। 36 ਫ਼ੀਸਦੀ ਲਿਬਰਲ ਨੇਤਾ ਨੂੰ ਦਰਮਿਆਨੀ ਪ੍ਰਵਾਨਗੀ ਦਿੰਦੇ ਹਨ ਜਦਕਿ 19 ਫ਼ੀਸਦੀ ਨੇ ਕਿਹਾ ਕਿ ਉਹ ਠੀਕ ਠਾਕ ਨਹੀਂ ਸਮਝਦੇ।

## ਜਨਰਲ ਜੋਨ ਵੈਨਸ ਖ਼ਿਲਾਫ਼ ਜਿਣਸੀ ਸੋਸ਼ਣ ਦੋਸ਼ਾਂ ਦੀ ਸੁਤੰਤਰ ਜਾਂਚ ਹੋਵੇ-ਸੰਸਦੀ ਕਮੇਟੀ



ਓਟਵਾ-ਕੈਨੇਡਾ ਦੇ ਸਾਬਕਾ ਸੈਨਾ ਮੁਖੀ ਖਿਲਾਫ ਜਿਣਸੀ ਦੁਰਵਿਵਹਾਰ ਦੇ ਤਾਜ਼ਾ ਦੋਸ਼ਾਂ ਤੋਂ ਪਤਾ ਲਗਦਾ ਹੈ ਕਿ ਇਕ ਮੁਕੰਮਲ ਸੁਤੰਤਰ ਸੰਗਠਨ ਦੀ ਲੋੜ ਹੈ ਜਿਸ ਕੋਲ ਮਿਲਟਰੀ ਪੀੜਤ ਮਦਦ ਲਈ ਜਾ ਸਕਣ। ਇਹ ਗੱਲ ਸੋਮਵਾਰ ਸੰਸਦੀ ਕਮੇਟੀ ਨੂੰ ਕਹੀ ਗਈ। ਕਾਮਨਜ਼ ਡਿਫੈਂਸ ਕਮੇਟੀ ਦੇ ਕਈ ਐਮ ਪੀਜ਼ ਨੇ ਇਸ ਗੱਲ 'ਤੇ ਚਿੰਤਾ ਜ਼ਾਹਿਰ ਕੀਤੀ ਕਿ ਕੈਨੇਡੀਅਨ ਫੋਰਸ ਦੀ ਇਕ ਮੇਜਰ ਜਿਸ ਨੇ ਚੀਫ਼ ਆਫ ਸਟਾਫ ਜਨਰਲ ਜੋਨ ਵੈਨਸ ਖਿਲਾਫ ਦੋਸ਼ ਲਾਏ ਹਨ ਨੇ ਕਿਹਾ ਕਿ ਉਸ ਕੋਲ ਜਾਣ ਲਈ ਕੋਈ ਥਾਂ ਨਹੀਂ। ਸੁਪਰੀਮ ਕੋਰਟ ਦੇ ਸੇਵਾਮੁਕਤ ਜਸਟਿਸ ਮੈਰੀ ਡੇਸਚੈਂਪਸ ਜਿਸ ਨੇ 2015 ਵਿਚ ਮੇਜਰ ਰਿਪੋਰਟ ਵਿਚ ਕੈਨੇਡੀਅਨ ਫੋਰਸ 'ਚ ਵੱਡੇ ਪੱਧਰ 'ਤੇ ਫੈਲੇ ਜਿਣਸੀ ਦੁਰਵਿਵਹਾਰ ਬਾਰੇ ਦੱਸਿਆ ਨੇ ਕਿਹਾ ਕਿ ਇਹ ਤਾਂ ਵਿਸ਼ਵਾਸ਼ਯੋਗ ਨਹੀਂ ਲਗਦਾ ਕਿ ਇਸ ਤਰ੍ਹਾਂ ਦੀ ਸਥਿਤੀ ਅਜੇ ਮੌਜੂਦ ਹੈ। ਡੇਸਚੈਂਪਸ ਨੇ ਇਸ ਤਰ੍ਹਾਂ ਦੇ ਮਾਮਲਿਆਂ ਨਾਲ ਨਜਿੱਠਣ ਲਈ ਇਕ ਸੁਤੰਤਰ ਸੈਂਟਰ ਬਣਾਉਣ ਦੀ ਸਿਫਾਰਸ਼ ਕੀਤੀ ਹੈ ਪਰ ਕੈਨੇਡੀਅਨ ਫੋਰਸਾਂ ਨੇ ਤਜਵੀਜ਼ ਨੂੰ ਰੱਦ ਕਰ ਦਿੱਤਾ ਹੈ। *(ਬਾਕੀ ਸਫ਼ਾ 10 'ਤੇ)*

## ਬੀ.ਸੀ. ਵਿਚ ਕੋਵਿਡ-19 ਦੇ 456 ਨਵੇਂ ਮਾਮਲੇ ਦਰਜ



ਵਿਕਟੋਰੀਆ-ਬੀਸੀ ਵਿਚ ਕੋਵਿਡ-19 ਦੇ 456 ਨਵੇਂ ਮਾਮਲੇ ਦਰਜ ਕੀਤੇ ਗਏ ਹਨ ਜਿਸ ਨਾਲ ਸੂਬੇ ਵਿਚ ਕੋਰੋਨਾਵਾਇਰਸ ਦੇ ਮਾਮਲਿਆਂ ਦੀ ਗਿਣਤੀ ਵਧ ਕੇ 78278 ਹੋ ਗਈ ਹੈ। ਬੀਸੀ ਦੀ ਸੂਬਾਈ ਸਿਹਤ ਅਫਸਰ ਡਾ. ਬੋਨੀ ਹੈਨਰੀ ਤੇ ਸੂਬਾਈ ਸਿਹਤ ਅਫਸਰ ਐਡਰੀਅਨ ਡਿਕਸ ਨੇ ਇਕ ਸਾਂਝੇ ਬਿਆਨ ਵਿਚ ਦੱਸਿਆ ਕਿ ਸੂਬੇ ਵਿਚ ਕੋਵਿਡ-19 ਦੇ ਕੁਲ 4668 ਐਕਟਿਵ ਮਾਮਲੇ ਹਨ। ਕੋਵਿਡ-19 ਵਾਲੇ ਲੋਕਾਂ ਦੇ ਸੰਪਰਕ ਵਿਚ ਆਉਣ ਵਾਲੇ 7924 ਵਿਅਕਤੀ ਐਕਟਿਵ ਜਨਤਕ ਸਿਹਤ ਨਿਗਰਾਨੀ ਹੇਠ ਹਨ। ਇਸ ਤੋਂ ਇਲਾਵਾ ਜਿਨ੍ਹਾਂ ਲੋਕਾਂ ਦਾ ਕੋਵਿਡ-19 ਟੈਸਟ ਪਾਜ਼ੇਟਿਵ ਆਇਆ ਸੀ ਉਹ ਹੁਣ ਠੀਕ ਹੋ ਚੁੱਕੇ ਹਨ। ਐਕਟਿਵ ਮਾਮਲਿਆਂ ਵਿਚੋਂ 237 ਹਸਪਤਾਲਾਂ ਵਿਚ ਹਨ ਜਿਨ੍ਹਾਂ ਵਿਚੋਂ 64 ਆਈਸੀਯੂ ਵਿਚ ਹਨ। ਕੋਵਿਡ-19 ਨਾਲ ਬਾਕੀ ਲੋਕ ਆਪਣੇ ਘਰਾਂ ਵਿਚ ਇਕਾਂਤਵਾਸ ਹਨ। ਹੁਣ ਤਕ ਬੀਸੀ ਵਿਚ ਟੀਕੇ ਦੀਆਂ 230875 ਖੁਰਾਕਾਂ ਲਗਾਈਆਂ ਜਾ ਚੁੱਕੀਆਂ ਹਨ। ਬੀਸੀ ਵਿਚ ਕੋਵਿਡ-19 ਨਾਲ ਦੋ ਹੋਰ ਮੌਤਾਂ ਹੋਣ ਕਾਰਨ ਸੂਬੇ ਵਿਚ ਇਸ ਬਿਮਾਰੀ ਨਾਲ ਮਰਨ ਵਾਲੇ ਵਿਅਕਤੀਆਂ ਦੀ ਗਿਣਤੀ ਵਧ ਕੇ 1338 ਹੋ ਗਈ ਹੈ।

A.S. MATTOO
& ASSOCIATES - LAW OFFICE
*Denotes professional corporation
- ਰੀਅਲ ਅਸਟੇਟ
- ਘਰਾਂ ਦੇ ਤਬਾਦਲੇ
- ਕਮਰਸ਼ੀਅਲ ਰੀਅਲ ਅਸਟੇਟ
- ਮੋਰਟਗੇਜ਼
- ਵਸੀਅਤ ਤੇ ਜਾਇਦਾਦ
- ਵਿਰਾਸਤ ਕੇਸ
AMRIK S. (STEVE) MATTOO
604-572-6000
#211 - 7928 128th St., Surrey (YORK BUSINESS CENTRE)
Fax: 604-572-6001 | amrik@mattoolaw.com
TIMING: MON - FRI 9:00 AM TO 5:00 PM

ਕੀ ਤੁਸੀਂ ਕਰਜ਼ੇ ਵਿਚ ਹੋ?
ਮੁਫਤ ਸਲਾਹ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ - ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ - ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

ANOOP S. BAINS
BARRISTER & SOLICITOR
Suite 214 - 6678 - 152nd St., Surrey B.C.
ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
ਅਸੀਂ ਸਿਰਫ ਆਈ.ਸੀ.ਬੀ.ਸੀ ਦੇ ਕੇਸ ਹੀ ਲੜਦੇ ਹਾਂ
Anoop Bains
604-547-3178
anoop@bainslaw.ca

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕੌਲ ਕਰੋ
Harpreet Rana
416-871-3571
www.harpreetrana.com

PHANTOM
TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change Starts $29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar

ACROSS BORDER VISA INC.
THE HOUSE OF IMMIGRATION
ਅਸੀਂ ਹਰ ਤਰ੍ਹਾਂ ਦੀਆਂ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
PIER iccrc crcic ICEF AAERI
Avinash Kaur Director - RCIC 778-903-1243
Pushpinder Singh Virk Director-Overseas 604-503-6601
#206-12888 80th Ave., Surrey (York Business Center)
info@acrossbordervisa.com | www.acrossbordervisa.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


S T & A Simpson, Thomas & Associates
TRIAL LAWYERS
CELEBRATING 50 YEARS
"The name that you know and trust"
"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy
B.C.'s Pioneering Law Firm for Motor Vehicle Cases
For over 50 years Simpson, Thomas & Associates (formerly Simpson & Company) have been advocates for victims seeking justice.
A+ Rated BBB ACCREDITED BUSINESS
"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon
Our history of successfully settling ICBC claims has garnered respect from our clients, and within the legal and rehabilitation communities in B.C.
Brain Injury
Paraplegia
Quadriplegia
Spinal Cord Injury
Translation Services Available
STA has support staff fluent in Punjabi, Hindi and Gujarati.
Your Needs Come First
If mobility is a challenge, we can come to you.
Adam Ueland
LAWYER
Call Adam on 604-689-8888 to set up a complimentary consultation or visit our website at simpsonthomas.com
We have offices in Vancouver, Surrey/Delta, Abbotsford* and Burnaby.*
*By appointment only
Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 09 ISSUE : 09 SATURDAY, 27 FEBRUARY, 2021
www.punjablinkpaper.com 604-503-5465

Harbir Kaur Deol
Notary Public
• Statutory Declarations
• Travel Consent Letters
• Power of Attorney
• Invitation Letters
• Sales & Purchase
• Family Transfer
• Wills & Estate
• Refinancing
• Affidavits
604.503.3060
#110 - 13049 76th Ave., Surrey
BC Notaries info@deolnotary.com

# ਭਾਰਤ ਸਰਕਾਰ ਵੱਲੋਂ ਸੋਸ਼ਲ ਮੀਡੀਆ ਉਪਰ ਲਗਾਮ ਕੱਸਣ ਦੀ ਤਿਆਰੀ

## ਤਿੰਨ ਮਹੀਨੇ ਵਿਚ ਨਵੇ ਕਨੂੰਨ ਹੋਣਗੇ ਲਾਗੂ-ਰਵੀਸ਼ੰਕਰ ਪ੍ਰਸਾਦ

ਨਵੀਂ ਦਿੱਲੀ-ਕੇਂਦਰ ਸਰਕਾਰ ਦੇਸ਼ ਵਿੱਚ ਡਿਜੀਟਲ ਕੰਟੈਂਟ ਨੂੰ ਨਿਯਮਤ ਕਰਨ ਲਈ ਕਾਨੂੰਨ ਲਿਆ ਰਹੀ ਹੈ ਤੇ ਇਹ ਕਾਨੂੰਨ ਅਗਲੇ ਤਿੰਨ ਮਹੀਨਿਆਂ ਵਿੱਚ ਲਾਗੂ ਕਰ ਦਿੱਤਾ ਜਾਵੇਗਾ। ਕੇਂਦਰੀ ਮੰਤਰੀ



ਰਵੀਸ਼ੰਕਰ ਪ੍ਰਸਾਦ ਨੇ ਇਸ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਕੰਪਨੀਆਂ ਲਈ ਕੰਮ ਕਰਨ ਦਾ ਢੁਕਵਾਂ ਪ੍ਰਬੰਧ ਹੋਣਾ ਚਾਹੀਦਾ ਹੈ। ਸੋਸ਼ਲ ਮੀਡੀਆ ਕੰਪਨੀਆਂ ਭਾਰਤ ਵਿੱਚ ਕਾਰੋਬਾਰ ਕਰਨ ਪਰ ਦੋਹਰੇ ਮਾਪਦੰਡ ਨਹੀਂ ਚੱਲਣਗੇ। ਉਨ੍ਹਾਂ ਕਿਹਾ ਕਿ ਫਰਜ਼ੀ ਖ਼ਬਰਾਂ ਫੈਲਾਉਣ, ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਖੁੱਲ੍ਹ ਕੇ ਦੁਰਵਰਤੋਂ ਕਰਨ ਬਾਰੇ ਚਿੰਤਾ ਪੈਦਾ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਇੰਟਰਮੀਡੀਅਰੀਜ਼ ਨੂੰ ਸ਼ਿਕਾਇਤ ਅਧਿਕਾਰੀ ਨਿਯੁਕਤ ਕਰਨਾ ਲਾਜ਼ਮੀ ਹੋਵੇਗਾ, ਜੋ 24 ਘੰਟਿਆਂ ਵਿੱਚ ਸ਼ਿਕਾਇਤ ਦਰਜ ਕਰੇਗਾ। ਔਰਤਾਂ ਦੀਆਂ ਅਸ਼ਲੀਲ ਤੇ ਉਨ੍ਹਾਂ ਦੀਆਂ ਬਦਲ ਕੇ ਪਾਈਆਂ ਤਸਵੀਰਾਂ ਨੂੰ 24 ਘੰਟਿਆਂ ਵਿੱਚ ਹਟਾਉਣਾ ਪਵੇਗਾ। ਸ਼ਿਕਾਇਤ ਨਿਬੇੜਾ ਅਧਿਕਾਰੀ ਨੂੰ ਭਾਰਤ ਵਿੱਚ ਰਹਿਣਾ ਹੋਵੇਗਾ, ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਮਹੀਨਾਵਾਰ ਨਿਯਮਾਂ ਦੀ ਪਾਲਣਾ ਸਬੰਧੀ ਰਿਪੋਰਟ ਸੌਂਪਣੀ ਹੋਵੇਗੀ। ਮੀਡੀਆ ਪਲੇਟਫਾਰਮਾਂ ਨੂੰ ਅਦਾਲਤ ਜਾਂ ਸਰਕਾਰ ਵੱਲੋਂ ਕਹਿਣ 'ਤੇ ਬਾਸ਼ਰਤ ਸਮੱਗਰੀ ਜਾਂ ਸੂਚਨਾ ਤਿਆਰ ਕਰਨ ਵਾਲੇ ਪਹਿਲੇ ਵਿਅਕਤੀ ਦਾ ਖੁਲਾਸਾ ਕਰਨਾ ਹੋਵੇਗਾ।

### ਸਰਕਾਰ ਵਲੋ ਦਿਸ਼ਾ ਨਿਰਦੇਸ਼ ਜਾਰੀ

ਸਰਕਾਰ ਨੇ ਫੇਸਬੁੱਕ ਤੇ ਟਵਿੱਟਰ ਜਿਹੇ ਸੋਸ਼ਲ ਮੀਡੀਆ ਪਲੈਟਫਾਰਮਾਂ ਦੀ ਦੁਰਵਰਤੋਂ ਨੂੰ ਰੋਕਣ ਤੇ ਨੈੱਟਫਲਿਕਸ ਜਿਹੇ ਓਟੀਟੀ (ਓਵਰ ਦਿ ਟੌਪ) ਪਲੇਅਰਾਂ ਦੀ ਨਕੇਲ ਕੱਸਣ ਦੇ ਇਰਾਦੇ ਨਾਲ ਨਵੇਂ ਦਿਸ਼ਾ-ਨਿਰਦੇਸ਼ਾਂ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਨਵੇਂ ਨਿਰਦੇਸ਼ਾਂ ਮੁਤਾਬਿਕ ਸੋਸ਼ਲ ਮੀਡੀਆ ਪਲੈਟਫਾਰਮਾਂ ਨੂੰ ਅਥਾਰਿਟੀਜ਼ ਵੱਲੋਂ ਉਜਰ ਜਤਾਏ ਵਿਸ਼ਾ ਵਸਤੂ

(ਬਾਕੀ ਸਫ਼ਾ 10 'ਤੇ)

# ਪ੍ਰਸਿੱਧ ਗਾਇਕ ਸਰਦੂਲ ਸਿਕੰਦਰ ਦਾ ਸਦੀਵੀ ਵਿਛੋੜਾ

## ਜੱਦੀ ਪਿੰਡ ਵਿਚ ਦਫਨਾਇਆ

ਖੰਨਾ-ਪ੍ਰਸਿੱਧ ਪੰਜਾਬੀ ਗਾਇਕ ਸਰਦੂਲ ਸਿਕੰਦਰ ਦੇ ਸਦੀਵੀ ਵਿਛੋੜੇ ਦੀ ਖਬਰ ਨੇ ਸੰਗਤੀ ਜਗਤ ਨੂੰ ਜੰਝੋੜਕੇ ਰੱਖ ਦਿੱਤਾ ਹੈ। ਉਹ ਪਿਛਲੇ ਕੁਝ ਦਿਨਾਂ ਤੋਂ ਬੀਮਾਰ ਸਨ ਤੇ ਹਸਪਤਾਲ ਦਾਖਲ ਸਨ। ਪੰਜਾਬ ਮੰਤਰੀ ਮੰਡਲ ਨੇ ਉਹਨਾਂ ਦੀ ਮੌਤ ਉਪਰ ਦੁੱਖ ਪ੍ਰਗਟ ਕਰਦਿਆਂ ਹਸਪਤਾਲ ਦਾ ਸਾਰਾ ਖਰਚ ਅਦਾ ਕਰਨ ਦਾ ਐਲਾਨ ਕੀਤਾ ਹੈ। ਬੀਤੇ ਦਿਨ



ਸਰਦੂਲ ਸਿਕੰਦਰ ਦੀ ਮ੍ਰਿਤਕ ਦੇਹ ਨੂੰ ਉਹਨਾਂ ਦੇ ਜੱਦੀ ਪਿੰਡ ਵਿਚ ਸਪੁਰਦੇ ਖਾਕ ਕਰ ਦਿੱਤਾ ਗਿਆ। ਮ੍ਰਿਤਕ ਦੇਹ ਨੂੰ ਸਪੁਰਦ-ਏ-ਖ਼ਾਕ ਕਰਨ ਲਈ ਪਿੰਡ ਖੇੜੀ ਨੌਧ ਸਿੰਘ ਦੇ ਸਰਪੰਚ ਗੁਪਿੰਦਰ ਸਿੰਘ ਰਮਲਾ ਨੇ ਆਪਣੀ ਜ਼ਮੀਨ ਦਾਨ ਦਿੱਤੀ। ਇਸ ਮੌਕੇ ਉਨ੍ਹਾਂ ਆਪਣੀ ਜ਼ਮੀਨ ਵਿਚੋਂ ਖੜ੍ਹੀ ਫ਼ਸਲ ਕੱਟਵਾ ਕੇ ਇਹ ਜ਼ਮੀਨ ਦਿੱਤੀ। ਸਰਪੰਚ ਰਮਲਾ ਨੇ ਕਿਹਾ ਕਿ ਸਰਦੂਲ ਇਸ ਪਿੰਡ ਦਾ ਜੰਮਪਲ ਸੀ ਤੇ ਉਸ ਨੇ ਦੇਸ਼ਾਂ-ਵਿਦੇਸ਼ਾਂ ਵਿਚ ਇਸ ਪਿੰਡ ਦਾ ਨਾਂ ਰੌਸ਼ਨ ਕੀਤਾ। ਉਨ੍ਹਾਂ ਕਿਹਾ ਕਿ ਜਲਦ ਹੀ ਪਿੰਡ ਵਿਚ ਉਨ੍ਹਾਂ ਦੀ ਸ਼ਾਨਦਾਰ ਯਾਦਗਾਰ ਉਸਾਰੀ ਜਾਵੇਗੀ, ਜਿਥੇ ਹਰ ਸਾਲ ਉਨ੍ਹਾਂ ਦੀ ਯਾਦ 'ਚ ਸੰਗੀਤ ਸੰਮੇਲਨ ਕਰਵਾਇਆ ਜਾਵੇਗਾ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

UDUPI PALACE
SOUTH INDIAN VEGETARIAN CUISINE
• Dosa
• Idly
• Wada
• Curries
• Biryani
• Pakora
• Thali
• Chole Bhature
ORDER ONLINE www.udupirestaurant.ca
UBER eats DOORDASH SKIP THE DISHES
Open 7 Days 11:00am to 11pm
778-564-7705
#9 - 13767 72 Ave., Surrey

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਭਾਰਤ 'ਚ ਕਿਸਾਨਾਂ ਦੇ ਭਾਰੀ ਵਿਰੋਧ ਪ੍ਰਦਰਸ਼ਨਾਂ ਦਾ ਕੈਨੇਡੀਅਨ ਸਮਾਜ 'ਤੇ ਪ੍ਰਭਾਵ

ਓਟਵਾ (ਡਗਲਸ ਟੌਡ ਦੀ ਵਿਸ਼ੇਸ਼ ਰਿਪੋਰਟ)-ਉਘੇ ਅੰਗਰੇਜ਼ੀ ਪੱਤਰਕਾਰ ਡਗਲਸ ਟੌਡ ਨੇ ਆਪਣੀ ਇਕ ਰਿਪੋਰਟ ਵਿਚ ਭਾਰਤ ਵਿਚ ਖੇਤੀ ਕਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਉਪਰ ਵਿਸ਼ੇਸ਼ ਰਿਪੋਰਟ ਲਿਖੀ ਹੈ, ਜਿਸ ਵਿਚ ਉਸਨੇ ਖੁਲਾਸਾ ਕੀਤਾ ਹੈ ਕਿ ਕੈਨੇਡਾ ਵਿਚ ਪੰਜਾਬੀ ਭਾਸ਼ਾ ਦੀਆਂ ਅਖ਼ਬਾਰਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰਸਤਾਵਤ ਖੇਤੀ ਸੁਧਾਰਾਂ ਵਿਰੁੱਧ ਨਾਰਾਜ਼ਗੀ ਜ਼ਾਹਿਰ ਕਰਦੀਆਂ ਹਨ ਜਦਕਿ ਕੁਝ ਦੂਸਰੀਆਂ ਅਖ਼ਬਾਰਾਂ ਭਾਰਤ ਪੱਖੀ ਪ੍ਰਦਰਸ਼ਨਾਂ ਨੂੰ ਉਜਾਗਰ ਕਰਦੀਆਂ ਹਨ। ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਸਰਕਾਰ ਦੀ ਫਸਲਾਂ ਦੀ ਕੀਮਤ ਲਈ ਗਰੰਟੀ ਨੂੰ ਖਤਮ ਕਰਨ ਅਤੇ ਖੇਤੀ ਉਤਪਾਦਕਤਾ ਵਿਚ ਸੁਧਾਰ ਲਈ ਸਤੰਬਰ ਵਿਚ ਮੁਕਤ ਬਾਜ਼ਾਰ ਸੁਧਾਰਾਂ ਲਈ ਲਿਆਂਦੇ ਤਿੰਨ ਕਾਨੂੰਨ ਦੇ ਵਿਰੋਧ ਵਿਚ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਤੇ ਉਤਰਾਖੰਡ ਤੋਂ



ਲੱਖਾਂ ਕਿਸਾਨ ਟਰੈਕਟਰ ਲੈ ਕੇ ਭਾਰਤ ਦੀ ਰਾਜਧਾਨੀ ਦਿੱਲੀ ਦੀਆਂ ਸਰਹੱਦਾਂ 'ਤੇ ਲਗਾਤਾਰ ਪ੍ਰਦਰਸ਼ਨ ਕਰ ਰਹੇ ਹਨ। ਕੁਝ ਟਕਰਾਅ ਹਿੰਸਕ ਵੀ ਹੋਏ ਹਨ। ਅਮਰੀਕੀ ਪੌਪ ਸਿੰਗਰ ਰਿਹਾਨਾ, ਸਵੀਡਨ ਦੀ ਪੌਣਪਾਣੀ ਕਾਰਕੁਨ ਗਰੇਟਾ ਥਨਬਰਗ ਅਤੇ ਲੇਖਕਾ ਮੀਨਾ ਹੈਰਿਸ ਜਿਹੜੀ ਅਮਰੀਕੀ ਉਪਰਾਸ਼ਟਰਪਤੀ ਕਮਲਾ ਹੈਰਿਸ ਦੀ ਭਾਣਜੀ ਹੈ ਸਮੇਤ ਅੰਤਰਰਾਸ਼ਟਰੀ ਸਖਸ਼ੀਅਤਾਂ ਨੇ ਕਿਸਾਨ ਅੰਦੋਲਨ ਦਾ ਸਮਰਥਨ ਕੀਤਾ ਹੈ। ਇਸ ਦੇ ਜਵਾਬ ਵਿਚ ਭਾਰਤ ਸਰਕਾਰ ਨੇ ਉਨ੍ਹਾਂ 'ਤੇ ਵਿਦੇਸ਼ੀ ਹੋਣ ਦਾ ਠੱਪਾ ਲਾਉਂਦੇ ਹੋਏ ਕਿਹਾ ਕਿ ਉਹ ਸੰਵੇਦਨਸ਼ੀਲਤਾ ਪੈਦਾ ਕਰਨ ਵਿਚ ਲੱਗੇ ਹੋਏ ਹਨ। ਸਮੁੱਚੇ ਕੈਨੇਡਾ ਜਿਸ ਵਿਚ ਪੰਜਾਬੀ ਕੈਨੇਡੀਅਨਾਂ ਦੀ ਵਸੋਂ 7 ਲੱਖ ਦੇ ਕਰੀਬ ਹੈ ਜਿਨ੍ਹਾਂ ਵਿਚੋਂ ਬਹੁਤੇ ਸਿੱਖ ਹਨ ਅਤੇ ਉਨ੍ਹਾਂ ਵਿਚੋਂ ਬਹੁਤੇ ਕਿਸਾਨੀ ਪਰਿਵਾਰਾਂ ਵਿਚੋਂ ਹਨ ਵਿਚ ਤਣਾਅ ਵਧ ਰਿਹਾ ਹੈ। ਉਨ੍ਹਾਂ ਨੇ ਟੋਰਾਂਟੋ, ਵੈਨਕੂਵਰ, ਕੈਲਗਰੀ, ਚਿਲੀਵੈਕ, ਸਰੀ ਤੇ ਡਾਉਨਟਾਉਨ ਵੈਨਕੂਵਰ ਵਿਚ ਭਾਰਤੀ ਕੌਂਸਲਖਾਨਿਆਂ ਦੇ ਬਾਹਰੇ ਮੋਟਰ ਗੱਡੀਆਂ ਦੇ ਵੱਡੇ ਕਾਫਲਿਆਂ ਨਾਲ ਪ੍ਰਦਰਸ਼ਨ ਕਰਨ ਵਿਚ ਮਦਦ ਕੀਤੀ। ਕੈਨੇਡਾ ਵਿਚ ਪੰਜਾਬੀ ਭਾਸ਼ਾ ਵਾਲੇ ਅਖ਼ਬਾਰਾਂ ਨੇ ਮੋਦੀ ਦੇ ਪ੍ਰਸਤਾਵਤ ਸੁਧਾਰਾਂ 'ਤੇ ਨਾਰਾਜ਼ਗੀ ਜ਼ਾਹਿਰ ਕੀਤੀ ਹੈ ਜਦਕਿ ਭਾਰਤੀ ਭਾਸ਼ਾ ਵਾਲੇ ਦੂਸਰੇ ਅਖ਼ਬਾਰਾਂ ਨੇ ਮੋਦੀ ਦੀ ਭਾਰਤੀ ਜਨਤਾ ਪਾਰਟੀ ਦੀ ਸ਼ਲਾਘਾ ਵਾਲੇ ਮੁਜ਼ਾਹਰਿਆਂ ਨੂੰ ਉਜਾਗਰ ਕੀਤਾ ਹੈ। ਹਾਲ ਹੀ ਵਿਚ ਮੋਦੀ ਦੇ ਹੱਕ ਵਿਚ 350 ਮੋਟਰ ਗੱਡੀਆਂ ਨਾਲ ਭਾਰਤ ਦੇ ਝੰਡੇ ਲਾ ਕੇ ਡਾਉਨਟਾਉਨ ਵੈਨਕੂਵਰ ਵਿਚ ਭਾਰਤੀ ਕੌਂਸਲਖਾਨੇ ਸਾਹਮਣੇ ਪ੍ਰਦਰਸ਼ਨ ਕੀਤਾ ਗਿਆ ਸੀ। ਜਿਸ ਉਪਰੰਤ ਦੋ ਭਾਈਚਾਰਿਆਂ ਵਿਚ ਮਾਨਸਿਕ ਖਿਚੋਤਾਣ ਵਾਲੀ ਸਥਿਤੀ ਬਣਦੀ ਦਿਖਾਈ ਦਿੱਤੀ।

# ਕੋਵਿਡ-19-ਬੀ ਸੀ ਵਿਚ ਕੋਵਿਡ ਟੀਕਾਕਰਣ ਲਈ ਦੰਦਾਂ ਦੇ ਡਾਕਟਰ, ਦਾਈਆਂ ਤੇ ਫਾਰਮੇਸੀ ਤਕਨੀਸ਼ਨਾਂ ਨੂੰ ਵੀ ਮਿਲਣਗੇ ਅਧਿਕਾਰ

ਵਿਕਟੋਰੀਆ-ਬੀਸੀ ਵਿਚ ਅਗਲੇ ਮਹੀਨੇ ਸਮੂਹਿਕ ਟੀਕਾਕਰਣ ਕਲੀਨਿਕ ਖੋਲ੍ਹਣ ਲਈ ਦੰਦਾਂ ਦੇ ਡਾਕਟਰ, ਦਾਈਆਂ, ਫਾਰਮੇਸੀ ਤਕਨੀਸ਼ਨ ਤੇ ਦੂਸਰੇ ਸਿਹਤ ਪੇਸ਼ਾਵਰ ਭਰਤੀ ਕੀਤੀ ਜਾਣਗੇ। ਬੀ ਸੀ ਦੇ ਸਮੂਹਿਕ 172 ਟੀਕਾਕਰਣ ਲਈ ਕੁਝ ਕਲੀਨਿਕਾਂ ਲਈ 500 ਸਟਾਫ ਦੀ ਜ਼ਰੂਰਤ ਪਵੇਗੀ। ਸੂਬੇ ਦੀ ਸਿਹਤ ਅਫਸਰ ਡਾ. ਬੋਨੀ ਹੈਨਰੀ ਨੇ ਕਿਹਾ ਕਿ ਉਸ ਨੇ ਮੰਗਲਵਾਰ ਜਨਤਕ ਸਿਹਤ ਆਰਡਰ ਜਾਰੀ ਕੀਤਾ ਹੈ ਜਿਸ ਨਾਲ ਹੈਲਥ ਅਧਿਕਾਰੀਆਂ ਨੂੰ ਸੂਬਾ ਵਿਆਪੀ ਖੋਲ੍ਹੇ ਜਾਣ ਵਾਲੇ ਕਲੀਨਿਕਾਂ ਲਈ ਸਿਹਤ ਪੇਸ਼ਾਵਰਾਂ ਨੂੰ ਹਾਇਰ ਕਰਨ ਸੌਖਾ ਹੋ ਜਾਵੇਗਾ। ਅਸੀਂ ਪਹਿਲਾਂ ਵੀ ਸਮੂਹਿਕ ਕਲੀਨਿਕ ਚਲਾਉਂਦੇ ਹਨ ਅਤੇ ਇਸ ਨਾਲ ਇਹ ਵੱਡੇ ਪੱਧਰ 'ਤੇ ਹੋਣ ਜਾ ਰਿਹਾ ਹੈ। ਇੰਨੇ ਵੱਡੇ ਪੱਧਰ 'ਤੇ ਅਸੀਂ ਕਈ ਸਾਲਾਂ ਤਕ ਨਹੀਂ ਕੀਤਾ। ਹੈਨਰੀ ਨੇ ਕਿਹਾ ਕਿ ਇਹ ਲੰਬਾ ਚਲੇਗਾ। ਅਸੀਂ ਵੱਡੀ ਗਿਣਤੀ ਵਿਚ ਲੋਕਾਂ ਨੂੰ ਦੇਖ ਰਹੇ ਹਾਂ, ਇਸੇ ਕਾਰਨ ਉਨ੍ਹਾਂ ਨੇ ਵੱਖ ਵੱਖ ਕਾਰਜਾਂ ਨੂੰ ਪ੍ਰਦਾਨ ਕਰਨ ਲਈ ਇਨ੍ਹਾਂ ਕਲੀਨਿਕਾਂ ਵਿਚ ਵਾਧੂ ਸਮਾਂ ਕੰਮ ਕਰਨ ਵਾਸਤੇ ਲੋਕਾਂ ਨੂੰ ਭਰਤੀ ਕਰਨ ਲਈ ਆਰਡਰ ਜਾਰੀ ਕੀਤਾ ਹੈ। ਕੁਝ ਕਲੀਨਿਕਾਂ ਨੂੰ 500 ਸਟਾਫ ਤਕ ਲੋੜ ਪਵੇਗੀ। ਹੈਨਰੀ ਨੇ ਕਿਹਾ ਕਿ ਅਗਲੇ ਦੋ ਹਫ਼ਤੇ ਸਿਹਤ ਅਧਿਕਾਰੀ 80 ਸਾਲ ਦੇ ਲੋਕਾਂ ਨਾਲ ਸੰਪਰਕ ਕਰਨਗੇ ਜਿਹੜੇ ਸੁਤੰਤਰ ਰੂਪ ਵਿਚ ਰਹਿ ਰਹੇ ਹਨ ਜਾਂ ਘਰ ਵਿਚ ਕਿਸੇ ਸਹਾਇਤਾ ਨਾਲ ਰਹਿ ਰਹੇ ਹਨ। ਇਸ ਨਾਲ ਬੀਸੀ ਦੀ ਟੀਕਾਕਰਨ ਯੋਜਨਾ ਦਾ ਦੂਸਰਾ ਪੜਾਅ ਸ਼ੁਰੂ ਹੋਵੇਗਾ ਅਤੇ ਇਸ ਵਿਚ ਸਾਰੇ ਹਸਪਤਾਲ ਵਰਕਰ ਸ਼ਾਮਿਲ ਹੋਣਗੇ।

DREAMCAN
IMMIGRATION CONSULTING LTD.
"Giving wings to your dreams"
• LMIA • PNP
• Express Entry
• Student Visa
• Work Permit
• Visitor Visa
• Super Visa
• Citizenship
• Family Sponsorship
• Care Giver (Nanny)
• Refugee and Humanitarian
ਅਸੀਂ ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ
ਇਸ ਐਡ ਦਾ ਵੇਰਵਾ ਦੇਣ ਤੇ ਖਾਸ ਡਿਸਕਾਂਊਟ
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਸੱਟਡੀ ਪਰਮਿਟ
• ਵਰਕ ਪਰਮਿਟ
• ਵਿਜ਼ਟਰ ਵੀਜ਼ਾ
• ਸੁਪਰ ਵੀਜ਼ਾ
• ਸਿਟੀਜ਼ਨਸ਼ਿਪ
• ਫੈਮਲੀ ਸਪਾਂਸਰਸ਼ਿਪ
• ਨੈਨੀ
• ਰਿਫਿਊਜ਼ੀ (ਸ਼ਰਨਾਰਥੀ)
Loveleen Kaur Walia
Ph.D., RCIC
Regulated Canadian Immigration Consultant
604-598-8000
CAPIC ACCP
rcic · cric
A member in good standing of CAPIC
#204 - 9093 King George Blvd., Surrey
info@dreamcan.ca | www.dreamcan.ca

JJB
INSURANCE
Sarban Singh Sidhu
604-507-6866 #1, 13791, 72 AVE, SURREY (NEAR FRUITICANA)
BBB ACCREDITED BUSINESS
An Independent Insurance Broker Covers You Best
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



*RATES SUBJECT TO CHANGE WITHOUT ANY NOTICE
HOUSE INSURANCE
UP TO
65%
DISCOUNT
AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP
• Visitor • Super Visa
Ask for Special Rate for
Super Visa Insurance
Money Back upon Visa Declined
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇਂਸ਼ੋਰੈਂਸ ਲਈ ਵਧੀਆ ਰੇਟ
ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any
Insurance Lien & Accident Search Available

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic · cric
#12387 - 75 Ave., Surrey BC V3W 2S7
Email: contactuniglobal@gmail.com

# ਬੀ.ਸੀ. ਵਿਚ ਆਮਦਨ ਸਹਾਇਤਾ ਵਾਲੇ ਲੋਕਾਂ ਨੂੰ ਆਪਣੇ ਆਪ ਮਿਲੇਗਾ ਕੋਵਿਡ ਰਿਕਵਰੀ ਲਾਭ

ਵਿਕਟੋਰੀਆ-ਬੀਸੀ ਵਿਚ ਆਮਦਨ ਸਹਾਇਤਾਂ ਵਾਲੇ ਲੋਕਾਂ ਨੂੰ ਅਪਲਾਈ ਕਰਨ ਦੀ ਬਜਾਏ ਕੋਵਿਡ ਰਿਕਵਰੀ ਲਾਭ ਆਪਣੇ ਆਪ ਮਿਲ ਜਾਣਗੇ। ਐਨਡੀਪੀ ਸਰਕਾਰ ਵਲੋਂ ਇਹ ਲਾਭ ਵਿਚ ਕਈ ਮਹੀਨਿਆਂ ਦੀ ਦੇਰੀ ਨਾਲ ਦੇਣ ਕਾਰਨ ਕਈਆਂ ਨੇ ਆਲੋਚਨਾ ਕੀਤੀ ਹੈ। ਸਮਾਜਿਕ ਵਿਕਾਸ ਤੇ ਗਰੀਬੀ ਘਟਾਉ ਮੰਤਰਾਲੇ ਨੇ ਡਿਸਅਬਿਲਟੀ ਅਲਾਇੰਸ ਬੀਸੀ ਨੂੰ ਲਿਖੇ ਇਕ ਪੱਤਰ ਵਿਚ ਕਿਹਾ ਕਿ ਇਸ ਮਹੀਨੇ ਦੇ ਲਾਭ ਆਮਦਨ'ਤੇ ਰਹਿ ਰਹੇ ਲੋਕਾਂ, ਅਪਾਹਜ ਜਾਂ ਹਾਰਡਸ਼ਿਪ ਸਹਾਇਤਾ ਅਤੇ ਸੀਨੀਅਰ ਦਾ ਸਪਲੀਮੈਂਟ ਪ੍ਰਾਪਤ ਕਰਨ ਵਾਲੇ ਲੋਕਾਂ ਜਿੰਨੀ ਉਹ ਦਸੰਬਰ 2020 ਜਾਂ ਜਨਵਰੀ 2021 ਵਿਚ ਸਹਾਇਤਾ ਪ੍ਰਾਪਤ ਕਰ ਰਹੇ ਸਨ ਨੂੰ ਆਪਣੇ ਆਪ ਲਾਭ ਮਿਲ ਜਾਵੇਗਾ। ਡਿਸਅਬਿਲਟੀ ਅਲਾਇੰਸ ਬੀਸੀ ਦੇ ਕੋ-ਐਗਜ਼ੀਕਿਊਟਿਵ ਡਾਇਰੈਕਟਰ ਹੇਲੇਨ ਬਆਏਡ ਨੇ ਕਿਹਾ ਕਿ ਐਡਵੋਕੇਸੀ ਗਰੁੱਪ ਮਹੀਨਿਆਂ ਤੋਂ ਤਬਦੀਲੀ ਦੀ ਮੰਗ ਕਰ ਰਹੇ ਸਨ ਕਿਉਂਕਿ ਆਮਦਨ ਸਹਾਇਤਾ ਵਾਲੇ ਲੋਕ 2019 ਦੀ ਟੈਕਸ ਰਿਟਰਨ ਜਾਂ ਬੈਂਕ ਖਾਤਾ ਜਾਣਕਾਰੀ ਮੁਹੱਈਆ ਕਰਨ ਲਈ ਰੁਕਾਵਟਾਂ ਦਾ ਸਾਹਮਣਾ ਕਰ ਰਹੇ ਹਨ। ਬੁਆਏਡ ਨੇ ਕਿਹਾ ਕਿ ਉਸ ਨੂੰ ਖੁਸ਼ੀ ਹੈ ਕਿ ਪੈਸਾ ਹੁਣ ਉਨ੍ਹਾਂ ਲੋਕਾਂ ਨੂੰ ਮਿਲ ਜਾਵੇਗਾ ਜਿਹੜੇ ਬੇਸਬਰੀ ਨਾਲ ਉਡੀਕ ਕਰ ਰਹੇ ਸੀ। ਰਿਕਵਰੀ ਬੈਨੀਫਿਟ ਆਮਦਨ ਸਹਾਇਤਾ ਵਾਲੇ ਲਗਪਗ 107000 ਵਿਅਕਤੀਆਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਨੇ ਅਜੇ ਅਪਲਾਈ ਨਹੀਂ ਸੀ ਕੀਤਾ ਜਾਂ ਆਪਣੇ ਫੰਡਾਂ ਦੀ ਉਡੀਕ ਕਰ ਰਹੇ ਸਨ। ਹੋਰ 18000 ਲੋਕਾਂ ਨੂੰ ਬੈਨੀਫਿਟ ਦੇਣ ਦੀ ਪ੍ਰਕਿਰਿਆ ਚਲ ਰਹੀ ਹੈ ਕਿਉਂਕਿ ਵਿੱਤ ਮੰਤਰਾਲੇ ਨੂੰ ਯੋਗਤਾ ਦਾ ਪਤਾ ਲਾਉਣ ਲਈ ਹੋਰ ਜਾਣਕਾਰੀ ਦੀ ਲੋੜ ਹੈ।




# ਫਾਇਰਹਾਲ ਵਿਚ ਜਿਣਸੀ ਸਬੰਧ ਬਣਾਉਣ ਵਾਲੇ ਜੋੜੇ ਨੂੰ ਸਜ਼ਾ ਦੇਣ ਦੀ ਤਾਜ਼ਾ ਕੋਸ਼ਿਸ਼ ਵੀ ਸਫਲ ਨਾ ਹੋਈ

ਵਿਕਟੋਰੀਆ-ਬੀਸੀ ਦੀ ਸੁਪਰੀਮ ਕੋਰਟ ਨੇ ਵਰਨਨ ਸ਼ਹਿਰ ਵਲੋਂ ਵਰਨਨ ਦੇ ਫਾਇਰਫਾਈਟਰ ਜਿਸ ਦੀ ਕੰਮ ਮੌਕੇ ਇਕ ਸਾਥੀ ਨਾਲ ਸੈਕਸ ਕਰਦੇ ਹੋਏ ਦੀ ਵੀਡੀਓ ਬਣਾਈ ਗਈ ਸੀ ਨੂੰ ਮੁੜ ਬਹਾਲ ਕਰਨ ਖਿਲਾਫ ਦਿੱਤੀ ਚੁਣੌਤੀ ਨੂੰ ਇਕ ਵਾਰ ਫਿਰ ਰੱਦ ਕਰ ਦਿੱਤਾ ਹੈ। ਸੁਪਰੀਮ ਕੋਰਟ ਦੀ ਜਸਟਿਸ ਅਲਿਜ਼ਾਬੈਥ ਮੈਕਡੋਨਾਲਡ ਨੇ ਇਕ ਰਿਲੀਜ਼ ਵਿਚ ਕਿਹਾ ਕਿ ਉਸ ਨੂੰ ਬੀਸੀ ਦੇ ਲੇਬਰ ਰਿਲੇਸ਼ਨਸ ਬੋਰਡ ਵਲੋਂ ਮਾਰਚ 2018 ਵਿਚ ਜੋੜੇ ਨੂੰ ਬਰਖਾਸਤ ਕਰਨ ਦੇ ਫ਼ੈਸਲੇ ਨੂੰ ਰੱਦ ਕਰਨ ਵਿਚ ਕੁਝ ਵੀ ਬੇਤੁਕਾ ਨਹੀਂ ਲੱਭਿਆ। ਅਦਾਲਤ ਦੇ ਰਿਕਾਰਡ ਮੁਤਾਬਿਕ ਫਾਇਰ ਚੀਫ ਦੇ ਦਫ਼ਤਰ ਵਿਚ ਦੋਵਾਂ ਨੇ ਸੈਕਸ ਕੀਤਾ ਜਿਥੇ ਵੀਡੀਓ ਕੈਮਰੇ ਲੱਗੇ ਹੋਏ ਸਨ। ਅਗਲੇ ਦਿਨ ਜੋੜੇ ਨੂੰ ਪੁੱਛਗਿੱਛ ਤਾਂ ਉਨ੍ਹਾਂ ਨੇ ਦਾਅਵੇ ਨੂੰ ਰੱਦ ਕਰ ਦਿੱਤਾ ਤੇ ਫਿਰ ਉਨ੍ਹਾਂ ਨੂੰ ਵੀਡੀਓ ਦਿਖਾਈ ਗਈ। ਅਗਲੇ ਦਿਨ ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਵਰਨਨ ਫਾਇਰਫਾਈਟਰ ਐਸੋਸੀਏਸ਼ਨ ਨੇ ਮਾਮਲੇ ਵਿਚ ਦਖਲ ਦਿੰਦਿਆਂ ਬਰਖਾਸਤਗੀ ਖਿਲਾਫ ਅਪੀਲ ਕਰ ਦਿੱਤੀ। ਬੀਸੀਐਲਆਰਬੀ ਦੇ ਸਾਲਸੀ ਪੈਨਲ ਨ ਬਹੁਮਤ ਨਾਲੇ ਸਿੱਟਾ ਕੱਢਿਆ ਕਿ ਸਾਰੇ ਹਾਲਾਤ ਵਿਚ ਬਰਖਾਸਤਗੀ ਬਹੁਤ ਜ਼ਿਆਦਾ ਅਨੁਸ਼ਾਸਨੀ ਹੁੰਗਾਰਾ ਹੈ ਅਤੇ ਇਸ ਨੇ ਅਨੁਸ਼ਾਸਨੀ ਸਜ਼ਾ ਨੂੰ ਘਟਾਉਂਦੇ ਹੋਏ ਵਰਕਰਾਂ ਨੂੰ ਕੰਮ 'ਤੇ ਆਉਣ ਦੀ ਇਜਾਜ਼ਤ ਦੇ ਦਿੱਤੀ। ਉਨ੍ਹਾਂ ਵਿਚੋਂ ਇਕ ਉਦੋਂ ਤੋਂ ਨੌਕਰੀ ਛੱਡ ਗਿਆ। ਸ਼ਹਿਰ ਫੈਂਸਲੇ ਤੋਂ ਸੰਤੁਸ਼ਟ ਨਾ ਹੋਇਆ ਅਤੇ ਮਾਮਲਾ ਸੁਪਰੀਮ ਕੋਰਟ ਲੈ ਗਿਆ, ਉਥੇ ਵੀ ਨਿਰਾਸ਼ਾ ਹੀ ਹੱਥ ਲੱਗੀ।




# ਪੁਲਿਸ ਵਲੋਂ ਮਾਸਕ ਨਾ ਪਹਿਨਣ ਕਰਕੇ ਬੀ.ਸੀ. ਕਿਸ਼ਤੀ ਦੇ ਦੋ ਮੁਸਾਫਰਾਂ ਨੂੰ 900 ਡਾਲਰ ਦੀਆਂ ਟਿਕਟਾਂ ਜਾਰੀ

ਵਿਕਟੋਰੀਆ-ਆਰਸੀਐਮਪੀ ਨੇ ਕਿਹਾ ਕਿ 19 ਤੇ 43 ਸਾਲ ਦੀਆਂ ਔਰਤਾਂ ਨੇ ਕਿਸ਼ਤੀ 'ਤੇ ਮਾਸਕ ਦੀ ਲੋੜ ਨੂੰ ਨਜ਼ਰਅੰਦਾਜ਼ ਕਰ ਦਿੱਤਾ ਅਤੇ ਸਟਾਫ ਨੂੰ ਬੁਰਾ ਭਲਾ ਕਹਿੰਦੇ ਹੋਏ ਚੀਕਦੇ ਹੋਏ ਸੁਣਿਆਂ ਗਿਆ। ਪੁਲਿਸ ਨੇ ਕਿਸ਼ਤੀ 'ਤੇ ਸਫਰ ਕਰਨ ਸਮੇਂ ਕੋਵਿਡ-19 ਦੇ ਸੁਰੱਖਿਆ ਪ੍ਰੋਟੋਕੋਲਸ ਦੀ ਪਾਲਣਾ ਕਰਨ ਤੋਂ ਇਨਕਾਰ ਕਰਨ ਦੇ ਬੀਸੀ ਫੇਰੀਸ ਦੇ ਦੋ ਯਾਤਰੀਆਂ ਨੂੰ ਕੁਲ 900 ਡਾਲਰ ਦੀਆਂ ਟਿਕਟਾਂ ਜਾਰੀ ਕੀਤੀਆਂ ਹਨ। ਨਨਐਮੋ ਆਰਸੀਐਮਪੀ ਨੇ ਦੱਸਿਆ ਕਿ ਕੁਈਨ ਆਫ ਕੋਵਿਚ ਜਿਹੜੀ ਐਤਵਾਰ ਅੱਧੀ ਰਾਤ ਤੋਂ ਬਾਅਦ ਹੋਰਸਸ਼ੋਅ ਬੇਅ ਤੋਂ ਆ ਰਹੀ ਸੀ ਵਿਚ ਆ ਰਹੀਆਂ ਦੋ ਔਰਤਾਂ ਨੂੰ ਕਾਬੂ ਕਰਨ ਲਈ ਡਿਪਾਰਚਰ ਬੇਅ ਫੇਰੀ ਟਰਮੀਨਲ 'ਤੇ ਬੁਲਾਇਆ ਗਿਆ। ਉਨ੍ਹਾਂ ਦੱਸਿਆ ਕਿ 19 ਤੇ 43 ਸਾਲਾ ਦੀਆਂ ਔਰਤਾਂ ਨੇ ਮਾਸਕ ਪਹਿਨਣ ਤੋਂ ਇਨਕਾਰ ਕੀਤਾ ਤੇ ਸਟਾਫ ਨੂੰ ਮੰਦਾ-ਚੰਗਾ ਬੋਲਿਆ। ਜਨਤਕ ਥਾਂ 'ਤੇ ਨਸ਼ਾ ਕਰਨ ਬਦਲੇ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਪਰ ਬਾਅਦ ਵਿਚ ਕੋਈ ਅਪਰਾਧਿਕ ਦੋਸ਼ ਨਾ ਲਾਉਣ ਦਾ ਫ਼ੈਸਲਾ ਕੀਤਾ। ਉਨ੍ਹਾਂ ਨੂੰ ਨਨਆਮੋ ਡਿਟੈਚਮੈਂਟ ਲਿਜਾਇਆ ਗਿਆ ਜਿਥੇ ਉਹ ਸ਼ਾਮ ਤਕ ਬੈਠੀਆਂ ਰਹੀਆਂ। ਆਰਸੀਐਮਪੀ ਕੰਸਟੇਬਲ ਗੈਰੀ ਓ ਬਰਾਇਨ ਨੇ ਦੱਸਿਆ ਕਿ ਦੋਵਾਂ ਕੋਲ ਦੁਬਾਰਾ ਵਰਤਣ ਵਾਲੇ ਨਾਨ ਮੈਡੀਕਲ ਮਾਸਕ ਤਾਂ ਸੀ ਪਰ ਉਨ੍ਹਾਂ ਨੂੰ ਪਹਿਨਣ ਤੋਂ ਨਾਂਹ ਕਰ ਦਿੱਤੀ।




## ਸਰੀ 2021 ਰੁੱਖਾਂ ਦੀ ਵਿਕਰੀ ਸ਼ੁਰੂ

ਵਿਕਟੋਰੀਆ-ਸਰੀ ਸ਼ਹਿਰ ਦਾ ਕਹਿਣਾ ਕਿ ਉਹ 20 ਡਾਲਰ ਦਾ ਆਪਣੇ ਗੁਣਵੱਤਾ ਵਾਲਾ ਰੁੱਖਾਂ ਨੂੰ ਵੇਚ ਰਿਹਾ ਹੈ। ਵਿਕਰੀ ਪ੍ਰੋਗਰਾਮ 26 ਫਰਵਰੀ ਤੋਂ ਸ਼ੁਰੂ ਹੋ ਕੇ 10 ਮਾਰਚ ਨੂੰ ਬੰਦ ਹੋਵੇਗਾ ਅਤੇ 14 ਮਾਰਚ ਚੁੱਕਣ ਦੀ ਤਾਰੀਕ ਹੋਵੇਗੀ। ਸਿਟੀ ਨੇ ਇਕ ਪ੍ਰੈਸ ਰਿਲੀਜ਼ ਵਿਚ ਕਿਹਾ ਕਿ ਹਰੇਕ ਰੁੱਖ ਦੀ ਕੀਮਤ 20 ਡਾਲਰ ਹੈ ਅਤੇ ਇਨ੍ਹਾਂ ਵਿਚ ਮੈਪਲਸ, ਡੌਗਵੁੱਡਸ, ਮੈਗਨੋਲੀਅਸ ਅਤੇ ਫਲਾਂ ਦੇ ਦਰੱਖਤ ਸ਼ਾਮਿਲ ਹਨ ਅਤੇ ਸਾਰੇ ਸਰੀ ਵਿਚ ਵਧੀਆ ਉੱਗਦੇ ਹਨ। ਦੂਸਰੀ ਵਿਕਰੀ 23 ਅਪ੍ਰੈਲ ਤੋਂ ਸ਼ੁਰੂ ਹੋ ਕੇ 5 ਮਈ ਨੂੰ ਬੰਦ ਹੋਵੇਗੀ ਅਤੇ ਚੁੱਕਣ ਦੀ ਤਾਰੀਕ 9 ਮਈ ਹੋਵੇਗੀ। ਪਤਝੜ ਵਿਚ ਹੋਰ ਵਿਕਰੀਆਂ ਸ਼ਾਮਿਲ ਕੀਤੇ ਜਾਣ ਦੀ ਆਸ ਹੈ।

ਸ. ਮੈਹਿੰਗਾ ਸਿੰਘ ਸਰਾਫ ਮੁੱਲਾਂਪੁਰ ਵਾਲੇ
S & S Jewellers Ltd.
Authorized Dealer
20% OFF SEIKO, PULSAR ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off
Surjit S. Kanda * Avtar S. Kanda
604.582.5849
9269 - 120 St. Delta BC V4C 6R8



Homeowner • Fleet • Business • Auto • Travel • Boats • Life • Critical • Cargo • Commercial

7 Days a Week! 9 am to 9pm

HOUSE INSURANCE

| House | Contents | Liability | Premium |
|---|---|---|---|
| $450,000 | $315,000 | 1 Million | $302 /YEAR |
| $550,000 | $385,000 | 1 Million | $346 /YEAR |
| $650,000 | $455,000 | 1 Million | $407 /YEAR |
| $750,000 | $525,000 | 1 Million | $467 /YEAR |

Discounts may vary due to individual circumstances and policy requirements. Rates subject to change without notice.

Above Rates Includes: * Senior Discount * Claims Free Discount * New Home Discount * Mortgage Free Discount * Home Production Discount * Deductible Applicable * Monthly Payment Plan

ਸਾਡੇ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 9 ਵਜੇ ਤੱਕ ਖੁੱਲ੍ਹਦੇ ਹਨ।




ਅਸੀਂ ਟਰੱਕਾਂ ਅਤੇ ਟਰੇਲਰਾਂ ਲਈ ਫਾਇਨੈਂਸਿੰਗ ਵੀ ਕਰਦੇ ਹਾਂ

ICBC ਅਸੀਂ ਹਰ ਤਰ੍ਹਾਂ ਦੀ ਇੰਸ਼ੋਰੈਂਸ ਵਾਜਿਬ ਕੀਮਤ 'ਤੇ ਕਰਦੇ ਹਾਂ।



JASWINDER S. PARMAR
604-351-6539

AMC INSURANCE SERVICES LTD.

| SURREY (HEAD OFFICE) | CLOVERDALE | LANGLEY | COQUITLAM | COQUITLAM | VANCOUVER | ABBOTSFORD | NORTH VANCOUVER |
|---|---|---|---|---|---|---|---|
| Ph: 604.507.6666 | Ph: 604.576.6648 | Ph: 604.882.6000 | Ph: 604.939.2425 | Ph: 604-942-3555 | Ph: 604-876-0126 | Ph: 604.744.0360 | Ph: 604-985-3185 |
| #120, 12888 - 80th Ave. | 134 -17455, Hwy 10 | 160-20728 Willoughby Town Center Dr | #404, 552 Clarke Rd | 405-1192 Lansdowne Dr | 4075 Combie Street | 31696 South Fraserway | 140 East 14th Street, North Vancouver |

Call us to Save minimum 10% or more on your Insurance

80th Ave. 130th St. 128th St AMC Insurance AirCare

ਅਸੀਂ ਸੁਪਰਵੀਜ਼ਾ ਲਈ ਮੈਡੀਕਲ ਇੰਸ਼ੋਰੈਂਸ ਵੀ ਕਰਦੇ ਹਾਂ।
ਜੇਕਰ ਵੀਜ਼ਾ ਨਾ ਮਿਲੇ ਤਾਂ ਪੈਸੇ ਵਾਪਸ ਕੀਤੇ ਜਾਂਦੇ ਹਨ।
www.amcinsurance.ca • jparmar@amcinsurance.ca


ਸਪੈਸ਼ਲ ਸੇਲ!
www.dream-carpets.com
dream
carpets
Shaw
FLOORS
Ansonylon
STAINMASTER
CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The
Builders Buy!
NEW HOME
SPECIALISTS
NOBODY KNOWS FLOORING
LIKE DREAM CARPETS
SERVING WESTERN CANADA
FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch

# ਕਹਿ ਰਵਿਦਾਸ ਨਿਦਾਨਿ ਦਿਵਾਨੇ



**ਇੰਜ: ਜਸਵੰਤ ਸਿੰਘ ਜ਼ਫ਼ਰ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੰਮੀਆਂ ਵਾਟਾਂ ਮਾਰ ਕੇ ਗੁਰਮਤਿ ਗਿਆਨ ਪ੍ਰਕਾਸ਼ ਦੇ ਸਰੋਤਾਂ ਦੀ ਪਛਾਣ ਕਰਕੇ ਵੱਖ-ਵੱਖ ਬਾਣੀਕਾਰਾਂ ਦੀ ਬਾਣੀ ਦੇ ਰੂਪ ਵਿੱਚ ਇਸ ਗਿਆਨ ਪ੍ਰਕਾਸ਼ ਨੂੰ ਕਰੜੀ ਮਿਹਨਤ ਨਾਲ ਇਕੱਠਾ ਕੀਤਾ। ਉਨ੍ਹਾਂ ਤੋਂ ਤਕਰੀਬਨ ਪੌਣੀ ਕੁ ਸਦੀ ਪਹਿਲਾਂ ਪੈਦਾ ਹੋਏ ਰਵਿਦਾਸ ਜੀ ਦੀ ਬਾਣੀ ਗੁਰਮਤਿ ਗਿਆਨ ਅਤੇ ਗੁਰਮਤਿ ਚਿੰਤਨ ਦਾ ਮਹੱਤਵਪੂਰਨ ਖ਼ਜ਼ਾਨਾ ਸੀ। ਇਸ ਬਾਣੀ ਨੂੰ ਗੁਰੂ ਨਾਨਕ ਨੇ ਬਹੁਤ ਆਦਰ ਨਾਲ ਸੰਭਾਲ ਕੇ ਹੋਰ ਬਾਣੀਕਾਰਾਂ ਅਤੇ ਆਪਣੀ ਬਾਣੀ ਸਹਿਤ ਪੋਥੀ ਸਾਹਿਬ ਦੇ ਰੂਪ ਵਿੱਚ ਆਪਣੇ ਉਤਰਾਧਿਕਾਰੀ ਭਾਈ ਲਹਿਣੇ ਨੂੰ ਗੁਰਿਆਈ ਦੇ ਰੂਪ ਵਿੱਚ ਸੌਂਪਿਆ। ਇਸ ਤੋਂ ਬਾਅਦ ਹੋਰ ਬਾਣੀਕਾਰਾਂ ਦੀ ਰਚਨਾ ਸ਼ਾਮਿਲ ਹੋਣ ਨਾਲ ਇਸ ਪੋਥੀ ਸਾਹਿਬ ਨੇ ਗੁਰੂ ਅਰਜਨ ਦੇਵ ਤਕ ਪਹੁੰਚ ਕੇ ਆਦਿ ਗ੍ਰੰਥ ਸਾਹਿਬ ਦਾ ਰੂਪ ਧਾਰਨ ਕੀਤਾ। ਗੁਰੂ ਰਾਮਦਾਸ ਜੀ ਨੇ ਭਗਤਾਂ ਦੀ ਬਾਣੀ ਨੂੰ ਅੰਮ੍ਰਿਤ ਕਹਿ ਕੇ ਵਡਿਆਇਆ। ਜੇ ਅਸੀਂ ਗੁਰੂ ਗਰੰਥ ਸਾਹਿਬ ਵਿੱਚ ਦਰਜ ਸਾਰੀ ਬਾਣੀ ਨੂੰ ਸੱਚੀ ਬਾਣੀ ਮੰਨਦੇ ਹਾਂ ਤਾਂ ਗੁਰੂ ਅਮਰਦਾਸ ਜੀ ਮੁਤਾਬਕ ਰਵਿਦਾਸ ਜੀ ਸਮੇਤ ਇਹ ਸਾਰੇ ਬਾਣੀਕਾਰ ਸਾਡੇ ਸਤਿਗੁਰੂ ਹਨ। ਪੰਚਮ ਪਾਤਸ਼ਾਹ ਨੇ ਆਦਿ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ ਦੀ ਬਾਣੀ ਦੇ ਆਰੰਭ ਵਿੱਚ ਗੁਰੂ ਲਿਖਣ ਦੀ ਬਜਾਇ ਇਹ ਬਾਣੀ ਸਾਧਾਰਨ ਸੂਚਨਾ ਵਾਂਗ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ ਆਦਿ ਲਿਖ ਕੇ ਦਰਜ ਕੀਤੀ। ਪਰ ਰਵਿਦਾਸ ਜੀ ਦੇ ਸ਼ਬਦਾਂ ਅੱਗੇ ਬਾਣੀ 'ਰਵਿਦਾਸ ਜੀ ਕੀ' ਜਾਂ 'ਰਵਿਦਾਸ ਜੀਉ ਕੀ' ਲਿਖਿਆ ਹੈ, ਭਾਵ ਉਨ੍ਹਾਂ ਨੂੰ ਗੁਰੂ ਨਾਨਕ ਤੋਂ ਵੀ ਵੱਡਾ ਆਦਰ ਦਿੱਤਾ। ਗੁਰੂ ਸਾਹਿਬਾਨ ਨੇ ਹੋਰ ਪੂਰਬਲੇ ਬਾਣੀਕਾਰਾਂ ਦੇ ਨਾਲ-ਨਾਲ ਉਨ੍ਹਾਂ ਨੂੰ ਆਪਣੇ ਪੁਰਖੇ ਮੰਨਿਆ ਅਤੇ ਉਨ੍ਹਾਂ ਨੂੰ ਆਪਣੇ ਤੋਂ ਉੱਚਾ ਸਥਾਨ ਦਿੱਤਾ। ਜੇ ਗੁਰੂ ਸਾਹਿਬਾਨ ਦੀ ਬਾਣੀ ਗੁਰੂ ਹੈ ਤਾਂ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਪੈਦਾ ਹੋਏ ਰਵਿਦਾਸ ਜੀ ਦੀ ਬਾਣੀ ਤਾਂ ਸਾਡੀ ਆਦਿ ਗੁਰੂ ਹੈ। ਗੁਰੂ ਗ੍ਰੰਥ ਸਾਹਿਬ ਦੇ ਪੰਨਾ 1192 'ਤੇ ਗੁਰੂ ਅਰਜਨ ਸਾਹਿਬ ਦਾ ਬਸੰਤ ਰਾਗ ਵਿੱਚ ਸ਼ਬਦ ਹੈ ਜਿਸ ਵਿੱਚ ਉਹ ਗੁਰੂ ਨਾਨਕ ਦੇਵ ਜੀ ਨੂੰ ਬਾਲਮੀਕ ਜੀ ਅਤੇ ਧਰੂ ਭਗਤ ਤੋਂ ਚਲੀ ਆ ਰਹੀ ਭਗਤੀ ਪ੍ਰੰਪਰਾ ਦੀ ਕਹਾਣੀ ਦੇ ਪ੍ਰਵਾਹ ਦੀ ਲਗਾਤਾਰਤਾ ਵਜੋਂ ਦੇਖਦੇ ਅਤੇ ਧਿਆਉਂਦੇ ਹਨ। ਸ਼ਬਦ ਵਿੱਚ ਇਨ੍ਹਾਂ ਸਮੂਹ ਸੰਤਾਂ ਭਗਤਾਂ ਨੂੰ ਨਮੋ ਕੀਤਾ ਗਿਆ ਹੈ। ਸ਼ਬਦ ਇਸ ਤਰ੍ਹਾਂ ਸ਼ੁਰੂ ਕੀਤਾ ਗਿਆ ਹੈ:

**ਸੁਣਿ ਸਾਖੀ ਮਨ ਜਪਿ ਪਿਆਰ॥ ਅਜਾਮਲੁ ਉਧਰਿਆ ਕਹਿ ਏਕ ਬਾਰ॥**
**ਬਾਲਮੀਕੈ ਹੋਆ ਸਾਧਸੰਗੁ॥ ਧ੍ਰੂ ਕਉ ਮਿਲਿਆ ਹਰਿ ਨਿਸੰਗ॥** (1192, ਮ.5)

**ਸ਼ਬਦ ਦੀ ਸਮਾਪਤੀ ਇਸ ਤਰ੍ਹਾਂ ਹੁੰਦੀ ਹੈ:**

**ਕਬੀਰਿ ਧਿਆਇਓ ਏਕ ਰੰਗ॥ ਨਾਮਦੇਵ ਹਰਿ ਜੀਉ ਬਸਹਿ ਸੰਗਿ॥**
**ਰਵਿਦਾਸ ਧਿਆਏ ਪ੍ਰਭ ਅਨੂਪ॥ ਗੁਰ ਨਾਨਕ ਦੇਵ ਗੋਵਿੰਦ ਰੂਪ॥** (1192, ਮ.5)

ਜਿਸ ਭਗਤੀ ਪ੍ਰੰਪਰਾ ਨੂੰ ਗੁਰੂ ਨਾਨਕ ਦੇਵ ਜੀ ਨੇ ਇੱਕ ਸ਼ਕਤੀਸ਼ਾਲੀ ਲਹਿਰ ਵਿੱਚ ਤਬਦੀਲ ਕੀਤਾ, ਰਵਿਦਾਸ ਜੀ ਨੂੰ ਇਸ ਸ਼ਬਦ ਰਾਹੀਂ ਉਸ ਪਰੰਪਰਾ ਦਾ ਮਹੱਤਵਪੂਰਨ ਪੜਾਅ ਜਾਂ ਮੀਲ ਪੱਥਰ ਤਸਲੀਮ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਦੇ ਪੰਨਾ 1207 'ਤੇ ਸਾਰੰਗ ਰਾਗ ਵਿੱਚ ਦਰਜ ਇੱਕ ਹੋਰ ਸ਼ਬਦ ਵਿੱਚ ਗੁਰੂ ਅਰਜਨ ਸਾਹਿਬ ਰਵਿਦਾਸ ਜੀ ਅਤੇ ਦੂਜੇ ਬਾਣੀਕਾਰਾਂ ਦੀ ਸ੍ਰੇਸ਼ਠਤਾ ਦਾ ਧਿਆਨ ਧਰਦੇ ਹਨ ਅਤੇ ਆਪਣੇ ਪ੍ਰੇਰਨਾ ਸਰੋਤ ਮੰਨਦੇ ਹਨ। ਗੁਰੂ ਅਰਜਨ ਸਾਹਿਬ ਤੋਂ ਪਹਿਲਾਂ ਗੁਰੂ ਰਾਮਦਾਸ ਜੀ ਵੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 835 'ਤੇ ਬਿਲਾਵਲ ਰਾਗ ਵਿੱਚ ਦਰਜ ਸ਼ਬਦ ਰਾਹੀਂ ਰਵਿਦਾਸ ਜੀ ਅਤੇ ਹੋਰ ਸੰਤਾਂ ਭਗਤਾਂ ਦੀ ਜ਼ਾਤ (ਸ਼ਖ਼ਸੀਅਤ) ਨੂੰ ਸਭ ਜਾਤਾਂ ਤੋਂ ਸ੍ਰੇਸ਼ਠ ਕਹਿ ਕੇ ਵਡਿਆਉਂਦੇ ਹਨ। ਭੱਟ ਕਲ ਜੀ ਨੇ ਆਪਣੇ ਸਵੱਈਆਂ ਵਿੱਚ ਇਨ੍ਹਾਂ ਆਦਿ ਬਾਣੀਕਾਰਾਂ ਜਾਂ ਆਦਿ ਗੁਰੂਆਂ ਵਿੱਚ ਰਵਿਦਾਸ ਜੀ ਦਾ ਉਚੇਚਾ ਜ਼ਿਕਰ ਕੀਤਾ ਹੈ।

> **ਗੁਰੂ ਸਹਿਬਾਨ ਦਾ ਰਵਿਦਾਸ ਜੀ ਪ੍ਰਤੀ ਸਤਿਕਾਰ ਅਤੇ ਸ਼ਰਧਾ ਉਨ੍ਹਾਂ ਨਾਲ ਜੁੜੀਆਂ ਹੋਈਆਂ ਅਖੌਤੀ ਕਰਾਮਾਤਾਂ ਦੀਆਂ ਕਹਾਣੀਆਂ ਕਾਰਨ ਨਹੀਂ ਸਗੋਂ ਉਹਨਾਂ ਦੀ ਪ੍ਰੇਮ, ਭਗਤੀ, ਸ਼ੁਭਚਿੰਤਨ ਅਤੇ ਵੈਰਾਗ ਨਾਲ ਭਰਪੂਰ ਸ਼ਖ਼ਸੀਅਤ ਕਾਰਨ ਹੈ, ਉਨ੍ਹਾਂ ਦੀ ਬਾਣੀ ਦੀ ਉੱਚਤਾ ਕਾਰਨ ਹੈ। ਸੰਖੇਪਤਾ ਇਸ ਬਾਣੀ ਦਾ ਉਘੜਵਾਂ ਗੁਣ ਹੈ। ਗੁਰੂ ਸਾਹਿਬਾਨ ਨੇ ਉਹਨਾਂ ਦੇ ਥੋੜ੍ਹੇ ਲਫ਼ਜ਼ਾਂ ਵਿੱਚੋਂ ਬਹੁਤਾ ਸੁਣਿਆ। ਇਸੇ ਕਰਕੇ ਉਨ੍ਹਾਂ ਨੇ ਕਈ ਥਾਂਈਂ ਆਪਣੀ ਬਾਣੀ ਰਾਹੀਂ ਰਵਿਦਾਸ ਜੀ ਦੁਆਰਾ ਪ੍ਰਗਟ ਕੀਤੇ ਗਏ ਵਿਚਾਰਾਂ ਦਾ ਖ਼ੁਲਾਸਾ ਕੀਤਾ ਹੈ। ਉਨ੍ਹਾਂ ਦੀ ਬਾਣੀ ਨੂੰ ਬਖਾਨਿਆਂ ਅਤੇ ਵਿਸਥਾਰਿਆ ਹੈ।**

ਇਸ ਤਰ੍ਹਾਂ ਹੋਰ ਬਾਣੀਕਾਰਾਂ ਦੀ ਰਚਨਾ ਵਿੱਚ ਰਵਿਦਾਸ ਜੀ ਦਾ ਆਦਰ ਭਰਿਆ ਜ਼ਿਕਰ ਉਨ੍ਹਾਂ ਦੀ ਗੁਰਮਤਿ ਅੰਦਰ ਵੱਡੀ ਵਡਿਆਈ ਨੂੰ ਸਥਾਪਿਤ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਆਪ ਜੀ ਦੇ ਸ੍ਰੀਰਾਗੁ ਵਿੱਚ 1, ਗਉੜੀ ਵਿੱਚ 2, ਗਉੜੀ ਬੈਰਾਗਣਿ ਵਿੱਚ 2, ਗਉੜੀ ਪੂਰਬੀ ਵਿੱਚ 1, ਆਸਾ ਰਾਗ ਵਿੱਚ 6, ਗੂਜਰੀ ਵਿੱਚ 1, ਸੋਰਠਿ ਵਿੱਚ 7, ਧਨਾਸਰੀ ਵਿੱਚ 3, ਜੈਤਸਰੀ ਵਿੱਚ 1, ਸੂਹੀ ਵਿੱਚ 3, ਬਿਲਾਵਲੁ ਵਿੱਚ 2, ਗੋਂਡ ਵਿੱਚ 2, ਰਾਮਕਲੀ ਵਿੱਚ 1, ਮਾਰੂ ਵਿੱਚ 2, ਕੇਦਾਰਾ ਵਿੱਚ 1, ਭੈਰਉ ਵਿੱਚ 1, ਬਸੰਤੁ ਵਿੱਚ 1 ਅਤੇ ਮਲਾਰ ਰਾਗ ਵਿੱਚ 3 ਸ਼ਬਦ ਮੌਜੂਦ ਹਨ। ਇਸ ਤਰ੍ਹਾਂ 18 ਰਾਗਾਂ ਵਿੱਚ ਉਨ੍ਹਾਂ ਦੇ ਕੁੱਲ 40 ਸ਼ਬਦ ਹਨ। ਗੁਰੂ ਸਾਹਿਬਾਨ ਦੇ ਰਵਿਦਾਸ ਜੀ ਪ੍ਰਤੀ ਸਤਿਕਾਰ ਅਤੇ ਆਤਮਿਕ ਨੇੜਤਾ ਕਾਰਨ ਉਨ੍ਹਾਂ ਦੀ ਬਾਣੀ ਵਿੱਚ ਰਵਿਦਾਸ ਜੀ ਦੇ ਬੋਲ ਆਪ ਮੁਹਾਰੇ ਆਣ ਮਿਲਦੇ ਹਨ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਬਾਣੀਕਾਰ ਗੁਰੂਆਂ ਨੇ ਨਾਨਕ-ਮਾਰਗ ਦੇ ਪਾਂਧੀ ਹੋਣ ਕਰਕੇ ਆਪਣੇ-ਆਪ ਨੂੰ ਬਾਣੀ ਵਿੱਚ 'ਨਾਨਕ' ਹੀ ਲਿਖਿਆ। ਕਬੀਰ ਸਾਹਿਬ ਦੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਲੋਕਾਂ ਵਿੱਚ ਕਈ ਥਾਈਂ ਜੋ ਸਲੋਕ 'ਮਹਲਾ ਪੰਜਵਾਂ' ਲਿਖ ਕੇ ਆਉਂਦੇ ਹਨ ਉਨ੍ਹਾਂ ਵਿੱਚ ਗੁਰੂ ਅਰਜਨ ਸਾਹਿਬ ਨੇ ਆਪਣੇ ਨਾਂ ਲਈ ਨਾਨਕ ਦੀ ਬਜਾਇ 'ਕਬੀਰ' ਵਰਤਿਆ ਹੈ। ਇਸ ਗੱਲ ਨੂੰ ਭਗਤੀ ਲਹਿਰ ਦਾ ਵਿਚਾਰਧਾਰਕ ਪ੍ਰਵਾਹ ਜਾਂ ਲਗਾਤਾਰਤਾ ਕਹਿ ਸਕਦੇ ਹਾਂ ਕਿ ਕਬੀਰ ਸਾਹਿਬ ਨੇ ਆਪਣੇ ਇੱਕ ਸਲੋਕ ਵਿੱਚ ਖ਼ੁਦ ਨੂੰ 'ਰਵਿਦਾਸ' ਲਿਖਿਆ ਹੈ:

**ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥**
**ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥**

(1377, **ਕਬੀਰ ਜੀ**)

ਕਬੀਰ ਸਾਹਿਬ ਆਪਣੀ ਸ਼ਖ਼ਸੀਅਤ ਪਿੱਛੇ ਰਵਿਦਾਸ ਜੀ ਦੀ ਹੋਂਦ ਦੇ ਮਹੱਤਵ ਨੂੰ ਪਛਾਣਦੇ ਸਨ। ਜਾਂ ਕਹਿ ਸਕਦੇ ਹਾਂ ਕਿ ਕਬੀਰ ਜੀ ਰਵਿਦਾਸ ਜੀ ਦੇ ਬੋਲਾਂ ਨੂੰ 'ਸਤਿ' ਕਰਕੇ ਜਾਣਦੇ ਸਨ। ਇਸ ਤਰ੍ਹਾਂ ਕਬੀਰ ਜੀ ਆਪਣੇ ਗੁਰਭਾਈ ਰਵਿਦਾਸ ਜੀ ਪ੍ਰਤੀ ਜਿੱਥੇ ਸਤਿਕਾਰ ਪ੍ਰਗਟ ਕਰਦੇ ਹਨ ਉੱਥੇ ਉਨ੍ਹਾਂ ਦੇ ਵਿਚਾਰਾਂ ਦੀ ਪ੍ਰੋੜਤਾ ਵੀ ਕਰਦੇ ਹਨ। ਉਨ੍ਹਾਂ ਦੀ ਬਾਣੀ ਵਿੱਚ ਕਈ ਥਾਈਂ ਅਸੀਂ ਰਵਿਦਾਸ ਜੀ ਦੀਆਂ ਰਮਜ਼ਾਂ ਦਾ ਖ਼ੁਲਾਸਾ ਵੀ ਦੇਖ ਸਕਦੇ ਹਾਂ।

ਇਸ ਤੋਂ ਇਹ ਪੱਕਾ ਨਿਰਣਾ ਕਰਨਾ ਤਾਂ ਉਚਿਤ ਨਹੀਂ ਹੋਵੇਗਾ ਕਿ ਰਵਿਦਾਸ ਜੀ ਕਬੀਰ ਸਾਹਿਬ ਤੋਂ ਵਡੇਰੀ ਉਮਰ ਦੇ ਸਨ। ਉਨ੍ਹਾਂ ਦੀ ਜਨਮ ਮਿਤੀ ਜਾਂ ਸਾਲ ਸਬੰਧੀ ਕੋਈ ਪੱਕੀ ਸੂਚਨਾ ਨਹੀਂ ਹੈ। ਵੱਖ-ਵੱਖ ਥਾਈਂ ਚੌਦਵੀਂ ਸਦੀ ਦੇ ਦੂਜੇ ਅੱਧ ਤੋਂ ਪੰਦਰਵੀਂ ਸਦੀ ਦੇ ਆਰੰਭ ਤਕ ਦੇ ਵੱਖੋ-ਵੱਖ ਸਾਲ ਰਵਿਦਾਸ ਜੀ ਦੇ ਜਨਮ ਵਰ੍ਹੇ ਵਜੋਂ ਦਰਜ ਹਨ। ਇਨ੍ਹਾਂ ਮੁਤਾਬਿਕ ਉਹ ਭਗਤ ਨਾਮਦੇਵ ਜੀ ਨਾਲੋਂ ਲਗਪਗ ਸਦੀ-ਸਵਾ ਸਦੀ ਮਗਰੋਂ ਅਤੇ ਗੁਰੂ ਨਾਨਕ ਦੇਵ ਜੀ ਤੋਂ ਲਗਪਗ ਸਦੀ-ਪੌਣੀ ਸਦੀ ਪਹਿਲਾਂ ਪੈਦਾ ਹੋਏ ਹਨ। ਕੁਝ ਵਰ੍ਹਿਆਂ ਦੇ ਫ਼ਰਕ ਨਾਲ ਉਨ੍ਹਾਂ ਦਾ ਜੀਵਨ ਕਾਲ ਭਗਤ ਕਬੀਰ ਜੀ ਦੇ ਜੀਵਨ ਕਾਲ ਨਾਲ ਮਿਲਦਾ-ਜੁਲਦਾ ਹੈ। ਆਪਣੀ ਬਾਣੀ ਵਿੱਚ ਕਈ ਥਾਈਂ ਰਵਿਦਾਸ ਜੀ ਨੇ ਕਬੀਰ ਜੀ ਪ੍ਰਤੀ ਜੋ ਸਤਿਕਾਰ ਪ੍ਰਗਟ ਕੀਤਾ ਹੈ ਉਸ ਤੋਂ ਕਬੀਰ ਜੀ ਦੇ ਉਨ੍ਹਾਂ ਤੋਂ ਵਡੇਰੇ ਹੋਣ ਦਾ ਭੁਉਲਾ ਵੀ ਪੈਂਦਾ ਹੈ। ਕਬੀਰ ਜੀ ਦੀ ਬਾਣੀ ਵਿੱਚ ਖ਼ਾਸਾ ਕਰਾਰਾਪਨ ਹੈ ਅਤੇ ਰਵਿਦਾਸ ਜੀ ਦੀ ਬਾਣੀ ਵਿਚ ਮਿਠਾਸ ਅਤੇ ਹਲੀਮੀ ਵਧੇਰੇ ਹੈ। ਇਸ ਦੇ ਬਾਵਜੂਦ ਦੋਵਾਂ ਨੂੰ ਜਿੰਨਾਂ ਵਖਰਿਆਉਣ ਦੀ ਕੋਸ਼ਿਸ਼ ਕਰਦੇ ਹਾਂ ਇਹ ਓਨੇ ਹੀ ਵੱਧ ਇਕ ਦੂਸਰੇ ਦੇ ਅੰਦਰੋਂ ਮਿਲਦੇ ਹਨ।

ਗੁਰੂ ਸਹਿਬਾਨ ਦਾ ਰਵਿਦਾਸ ਜੀ ਪ੍ਰਤੀ ਸਤਿਕਾਰ ਅਤੇ ਸ਼ਰਧਾ ਉਨ੍ਹਾਂ ਨਾਲ ਜੁੜੀਆਂ ਹੋਈਆਂ ਅਖੌਤੀ ਕਰਾਮਾਤਾਂ ਦੀਆਂ ਕਹਾਣੀਆਂ ਕਾਰਨ ਨਹੀਂ ਸਗੋਂ ਉਹਨਾਂ ਦੀ ਪ੍ਰੇਮ, ਭਗਤੀ, ਸ਼ੁਭਚਿੰਤਨ ਅਤੇ ਵੈਰਾਗ ਨਾਲ ਭਰਪੂਰ ਸ਼ਖ਼ਸੀਅਤ ਕਾਰਨ ਹੈ, ਉਨ੍ਹਾਂ ਦੀ ਬਾਣੀ ਦੀ ਉੱਚਤਾ ਕਾਰਨ ਹੈ। ਸੰਖੇਪਤਾ ਇਸ ਬਾਣੀ ਦਾ ਉਘੜਵਾਂ ਗੁਣ ਹੈ। ਗੁਰੂ ਸਾਹਿਬਾਨ ਨੇ ਉਹਨਾਂ ਦੇ ਥੋੜ੍ਹੇ ਲਫ਼ਜ਼ਾਂ ਵਿੱਚੋਂ ਬਹੁਤਾ ਸੁਣਿਆ। ਇਸੇ ਕਰਕੇ ਉਨ੍ਹਾਂ ਨੇ ਕਈ


**DAY AND NIGHT LABOUR LTD.**

**ਗਰੀਨ ਹਾਊਸ ਅਤੇ ਨਰਸਰੀ ਵਰਕਰਾਂ ਦੀ ਲੋੜ**



- ਸਾਨੂੰ ਗਰੀਨ ਹਾਊਸ ਵਰਕਰਾਂ ਅਤੇ ਮਸ਼ਰੂਮ ਪੈਕਿੰਗ ਲਈ ਵਰਕਰਾਂ ਦੀ ਜ਼ਰੂਰਤ ਹੈ।
- ਮੈਰੂਆਨਾ ਪੈਕਿੰਗ ਲਈ ਵਰਕਰਾਂ ਦੀ ਵੀ ਤੁਰੰਤ ਲੋੜ ਹੈ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਿਰਫ ਪੀ.ਆਰ. ਜਾਂ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।

**ਸੰਪਰਕ- ਸੰਨੀ ਸੰਧਰ 604-727-2421**

# ਕਿਊਬੈਕ ਦੀ ਅਦਾਕਾਰਾ ਦੀ ਕੋਵਿਡ-19 ਕਾਰਨ ਆਪਰੇਸ਼ਨ ਦੀ ਉਡੀਕ ਕਰਦਿਆਂ ਮੌਤ

ਮਾਂਟਰੀਅਲ-ਕਿਊਬੈਕ ਦੀ 28 ਸਾਲਾ ਅਦਾਕਾਰਾ ਰੋਸੀਨ ਚੌਇਨਾਰਡ ਸ਼ੌਂਵੇ ਦੀ ਕੋਵਿਡ-19 ਕਾਰਨ ਆਪਰੇਸ਼ਨ ਦੀ ਉਡੀਕ ਕਰਦਿਆਂ ਮੌਤ ਹੋ ਗਈ। ਚੌਇਨਾਰਡ ਦੀ ਮੌਤ ਤੋਂ ਬਿਨਾਂ ਉਸ ਦੀ ਸਿਹਤ ਸਮੱਸਿਆ ਬਾਰੇ ਵੇਰਵੇ ਅਜੇ ਉਲਬਧ ਨਹੀਂ ਹੋਏ ਅਤੇ ਉਹ ਕਿਸੇ ਬਿਮਾਰੀ ਕਾਰਨ ਆਪਰੇਸ਼ਨ ਦੀ ਉਡੀਕ ਕਰ ਰਹੀ ਸੀ। ਸ਼ੌਂਵੇ ਨੇ ਫਿਲਮ ਕੈਟਮਨੀ ਵਿਚ ਅਦਾਕਾਰੀ ਕੀਤੀ ਸੀ ਜਿਹੜੀ 2012 ਵਿਚ ਰਿਲੀਜ਼ ਹੋਈ ਸੀ ਅਤੇ ਉਸ ਨੂੰ ਪੰਜ ਜੁਤਰਾ ਪੁਰਸਕਾਰਾਂ ਲਈ ਨਾਮਜ਼ਦ ਕੀਤਾ ਗਿਆ ਸੀ। ਹੋਰ ਲੋਕਾਂ ਵਾਂਗ ਉਸ ਦੇ ਆਪਰੇਸ਼ਨ ਵਿਚ ਵੀ ਦੇਰੀ ਹੋ ਗਈ ਸੀ ਕਿਉਂਕਿ ਸਿਹਤ ਖੇਤਰ ਦੇ ਸਾਰੇ ਵਸੀਲੇ ਕੋਵਿਡ-19 ਦੇ ਮਰੀਜ਼ਾਂ ਨਾਲ ਨਜਿੱਠਣ ਵੱਲ ਤਬਦਲੀ ਕਰ ਦਿੱਤੇ ਸਨ। ਉਸ ਦੇ ਪਰਿਵਾਰ ਨੇ ਇਸ ਪਲ ਉਸ ਦੀ ਮੌਤ ਬਾਰੇ ਹੋਰ ਟਿੱਪਣੀ ਨਹੀਂ ਕੀਤੀ। ਚੋਇਨਾਰਡ ਸ਼ੌਂਵੇ ਦਾ ਇਕ ਪੁੱਤਰ ਵੀ ਹੈ।




ਥਾਂਈਂ ਆਪਣੀ ਬਾਣੀ ਰਾਹੀਂ ਰਵਿਦਾਸ ਜੀ ਦੁਆਰਾ ਪ੍ਰਗਟ ਕੀਤੇ ਗਏ ਵਿਚਾਰਾਂ ਦਾ ਖ਼ੁਲਾਸਾ ਕੀਤਾ ਹੈ। ਉਨ੍ਹਾਂ ਦੀ ਬਾਣੀ ਨੂੰ ਬਖਾਨਿਆਂ ਅਤੇ ਵਿਸਥਾਰਿਆ ਹੈ। ਉਦਾਹਰਨ ਦੇ ਤੌਰ ਤੇ ਗੁਰੂ ਗ੍ਰੰਥ ਸਾਹਿਬ ਦੇ ਪੰਨਾ 794 ਉਤਲੇ ਸ਼ਬਦ ਵਿੱਚ ਰਵਿਦਾਸ ਜੀ ਨੇ ਮਨੁੱਖ ਦੇ ਅੰਤ ਸਮੇਂ ਦਾ ਥੋੜ੍ਹੇ ਸ਼ਬਦਾਂ ਰਾਹੀਂ ਵਰਨਣ ਕੀਤਾ ਹੈ। ਗੁਰੂ ਤੇਗ ਬਹਾਦਰ ਸਾਹਿਬ ਨੇ ਪੰਨਾ 634 ਤੇ ਦਰਜ ਸ਼ਬਦ ਰਾਹੀਂ ਰਵਿਦਾਸ ਜੀ ਦੇ ਇਸ ਸ਼ਬਦ ਦੀ ਸੰਖੇਪਤਾ ਨੂੰ ਖੋਲ੍ਹ ਕੇ ਵਿਸਥਾਰ ਨਾਲ ਸਮਝਾਇਆ ਹੈ।

**ਰਵਿਦਾਸ ਜੀ: ਘਰ ਕੀ ਨਾਰਿ ਉਰਹਿ ਤਨ ਲਾਗੀ ਉਹ ਤਉ ਭੂਤੁ ਭੂਤੁ ਕਰਿ ਭਾਗੀ।**

**ਗੁਰੂ ਤੇਗ ਬਹਾਦਰ: ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ।**

**ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ।**

ਇਸ ਤਰ੍ਹਾਂ ਅਸੀਂ ਗੁਰੂ ਗ੍ਰੰਥ ਸਾਹਿਬ ਵਿੱਚ ਰਵਿਦਾਸ ਜੀ ਦੇ ਬੋਲਾਂ, ਵਿਚਾਰਾਂ, ਸੰਕਲਪਾਂ ਅਤੇ ਸਰੋਕਾਰਾਂ ਦੇ ਬੀਜਾਂ, ਬੂਟਿਆਂ ਅਤੇ ਬਿਰਖਾਂ ਦੇ ਦਰਸ਼ਨ ਕਰ ਸਕਦੇ ਹਾਂ। ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਸਮੇਂ ਹਰੇਕ ਬਾਣੀ ਦੇ ਅੱਗੇ ਪਰਮਾਤਮਾ ਦੇ ਸੰਕਲਪ ਦਾ ਤੱਤ ਸਾਰ ਪੇਸ਼ ਕਰਨ ਵਾਲਾ ਜੋ ਪੂਰਾ ਜਾਂ ਸੰਖੇਪ ਮੂਲ ਮੰਤਰ ਦਰਜ ਕੀਤਾ ਗਿਆ ਹੈ ਉਸ ਮੂਲ ਮੰਤਰ ਦੇ ਅਨੇਕਾਂ ਬੀਜ ਰਵਿਦਾਸ ਜੀ ਦੀ ਬਾਣੀ ਵਿੱਚ ਸੌਖਿਆਂ ਹੀ ਦਿਸ ਸਕਦੇ ਹਨ। ਇਸ ਤਰ੍ਹਾਂ ਰਵਿਦਾਸ ਜੀ ਆਪਣੇ ਵਿਚਾਰਾਂ ਅਤੇ ਚਿੰਤਨ ਰਾਹੀਂ ਸਿੱਖ ਧਰਮ ਦਾ ਵਿਚਾਰਧਾਰਕ ਆਧਾਰ ਤਿਆਰ ਕਰਨ ਵਿੱਚ ਅਹਿਮ ਹਿੱਸਾ ਪਾਉਂਦੇ ਹਨ। ਉਪਰੋਕਤ ਸ਼ਬਦਾਂ ਤੋਂ ਇਲਾਵਾ ਉਹਨਾਂ ਦੀ ਬਾਣੀ ਵਿਚ ਆਈ ਹੋਰ ਬਹੁਤ ਸਾਰੀ ਸ਼ਬਦਾਵਲੀ ਸਿੱਖੀ ਦੀ ਪਛਾਣ ਦੀ ਸ਼ਬਦਾਵਲੀ ਬਣੀ।




ਰਵਿਦਾਸ ਜੀ ਦੀ ਰਚਨਾ ਵਿੱਚ ਉਹਨਾਂ ਦੀ ਕਿਰਤ ਅਤੇ ਕਾਰ ਵਿਹਾਰ ਨਾਲ ਜੁੜੀ ਸ਼ਬਦਾਵਲੀ ਕਈ ਥਾਈਂ ਸਾਹਮਣੇ ਆਉਂਦੀ ਹੈ: ਜਿਵੇਂ ਢੋਰ, ਜੁੱਤੀ, ਰੰਬੀ, ਆਰ, ਧਾਗਾ, ਤੋਪਾ, ਗੰਢ ਆਦਿ। ਇਹ ਸ਼ਬਦਾਵਲੀ ਉਨ੍ਹਾਂ ਦੀ ਰਚਨਾ ਦੀ ਉਹਨਾਂ ਦੀ ਸ਼ਖ਼ਸੀਅਤ ਅਤੇ ਅਨੁਭਵ ਨਾਲ ਇਕਸੁਰਤਾ ਦੀ ਲਿਖਾਇਕ ਹੈ। ਰਵਿਦਾਸ ਜੀ ਕਿਰਤ ਦੇ ਗੌਰਵ ਅਤੇ ਆਨੰਦ ਦੇ ਨਾਲ-ਨਾਲ ਕਿਰਤੀ ਦੇ ਸਵੈ-ਸਨਮਾਨ ਨੂੰ ਉਜਾਗਰ ਕਰਦੇ ਹਨ, ਕਿਰਤ ਨਾਲ ਜੋੜੀ ਹੋਈ ਗਿਲਾਨੀ ਨੂੰ ਹੂੰਝਦੇ ਪੂੰਝਦੇ ਹਨ ਅਤੇ ਦੂਸਰਿਆਂ ਦੀ ਕਿਰਤ ਦੇ ਸਿਰ 'ਤੇ ਪਲਣ ਵਾਲੇ ਅਖੌਤੀ ਉੱਚ ਵਰਗ ਨੂੰ ਸ਼ਰਮਿੰਦਗੀ ਦਾ ਗੱਫਾ ਪਰੋਸਦੇ ਹਨ। ਸਿੱਖ ਵਿਚਾਰਧਾਰਾ ਦੀਆਂ ਨੀਹਾਂ ਵਿੱਚ ਪਈ ਰਵਿਦਾਸ ਜੀ ਵਰਗੇ ਕਿਰਤੀਆਂ ਦੀਆਂ ਸ਼ਖ਼ਸੀਅਤਾਂ ਦੀ ਸ਼ਕਤੀ ਅਤੇ ਵਿਚਾਰਾਂ ਦੀ ਰੌਸ਼ਨੀ ਸੰਯੁਕਤ ਹੋ ਕੇ ਸਿੱਖ ਧਰਮ ਦਾ ਬੁਨਿਆਦੀ ਅਸੂਲ 'ਕਿਰਤ ਕਰਨਾ' ਬਣਦੀ ਹੈ। ਰਵਿਦਾਸ ਜੀ ਨੇ ਲਗਪਗ ਹਰੇਕ ਸ਼ਬਦ ਦੇ ਅੰਤ ਵਿੱਚ ਆਪਣੇ ਨਾਂ ਦੇ ਨਾਲ ਆਪਣੀ ਨੀਵੀਂ ਸਮਝੀ ਜਾਂਦੀ ਜਾਤ ਦਾ ਨਾਂ ਦਰਜ ਕਰਕੇ ਜਨਮ ਆਧਾਰਿਤ ਉਚ-ਨੀਚ ਵਾਲੇ ਜਾਤੀ ਪ੍ਰਬੰਧ ਦੀ ਨਿਮਰਤਾ ਦੀ ਜੁਗਤ ਨਾਲ ਖਿੱਲੀ ਉਡਾਈ ਹੈ। ਉਨ੍ਹਾਂ ਦੇ ਜਾਤ ਪਾਤ ਵਿਰੋਧੀ ਵਿਚਾਰਾਂ ਨੂੰ ਅਗਾਂਹ ਤੋਰਦੇ ਹੋਏ ਗੁਰੂ ਸਾਹਿਬਾਨ ਨੇ ਸਾਂਝੇ ਲੰਗਰਾਂ ਅਤੇ ਸਰੋਵਰਾਂ ਦੀ ਰਚਨਾ ਕਰਕੇ ਬਰਾਬਰੀ ਨੂੰ ਵਿਹਾਰਕ ਅਤੇ ਸਮਾਜਕ ਤੌਰ ਤੇ ਵਿਸਥਾਰ ਪ੍ਰਦਾਨ ਕਰਨ ਦਾ ਮਹਾਨ ਕਾਰਜ ਕੀਤਾ।

'ਕਿਰਤ ਕਰਨਾ' ਤੋਂ ਬਾਅਦ 'ਨਾਮ ਜਪਣਾ' ਸਿੱਖੀ ਦਾ ਬੁਨਿਆਦੀ ਸਿਧਾਂਤ ਹੈ। ਸਾਰੇ ਬਾਣੀਕਾਰਾਂ ਵੱਲੋਂ ਧਰਮ ਦੇ ਨਾਂ 'ਤੇ ਹੋਣ ਵਾਲੇ ਕਰਮ ਕਾਂਡਾਂ ਨੂੰ ਰੱਦਿਆ ਗਿਆ। ਇਨ੍ਹਾਂ ਦੀ ਬਜਾਇ ਪ੍ਰੇਮ ਭਗਤੀ ਜਾਂ 'ਨਾਮ ਜਪਣ' ਦੇ ਮਹੱਤਵ ਨੂੰ ਸਥਾਪਿਤ ਕੀਤਾ ਗਿਆ। ਇਨ੍ਹਾਂ ਕਰਮ ਕਾਂਡਾਂ ਵਿੱਚੋਂ ਮੂਰਤੀਆਂ ਅੱਗੇ ਦੀਵੇ ਬਾਲ ਕੇ ਕੀਤੀ ਜਾਂਦੀ ਆਰਤੀ ਸਭ ਤੋਂ ਆਕਰਸ਼ਕ ਕਰਮ ਕਾਂਡ ਸੀ। ਇਸ ਕਰਮ ਕਾਂਡ ਸਬੰਧੀ ਕਈ ਬਾਣੀਕਾਰਾਂ ਦੀਆਂ ਰਚਨਾਵਾਂ ਸਾਡੇ ਸਾਹਮਣੇ ਹਨ, ਜਿਨ੍ਹਾਂ ਵਿੱਚ ਇਸ ਰਸਮ ਪੂਰਤੀ ਦੀ ਬਜਾਇ ਸਮੁੱਚੀ ਸ੍ਰਿਸ਼ਟੀ ਦੇ ਕਰਤਾ ਦੀ ਬਲਿਹਾਰਤਾ ਨੂੰ ਧਿਆਉਣ ਦੀ ਗੱਲ ਕੀਤੀ ਗਈ। ਇਸ ਸਬੰਧੀ ਜੋ ਰਚਨਾ ਰਵਿਦਾਸ ਜੀ ਦੀ ਬਾਣੀ ਵਿੱਚ ਪ੍ਰਗਟ ਹੋਈ ਉਸ ਵਿਚ ਆਰਤੀ ਦੀ ਸਾਰੀ ਸਮੱਗਰੀ ਨੂੰ ਪਿਛਾਂਹ ਕਰਕੇ ਉਸ ਦੀ ਜਗ੍ਹਾ 'ਨਾਮੁ' ਨੂੰ ਵਡਿਆਇਆ ਗਿਆ ਹੈ:

**ਨਾਮੁ ਤੇਰੋ ਆਰਤੀ ਮਜਨੁ ਮੁਰਾਰੇ**
**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ।**
**ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ**
**ਨਾਮੁ ਤੇਰਾ ਕੇਸਰੋ ਲੇ ਛਿਟਕਾਰੇ।**
**ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ**
**ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ।** (694)

ਆਰਤੀ ਦੇ ਹਵਾਲੇ ਨਾਲ ਕਬੀਰ ਜੀ, ਸੈਨ ਜੀ, ਪੀਪਾ ਜੀ ਅਤੇ ਧੰਨਾ ਜੀ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ ਬ੍ਰਹਿਮੰਡੀ ਆਰਤੀ ਸਬੰਧੀ ਸ਼ਾਹਕਾਰ ਰਚਨਾ ਕੀਤੀ। ਰਵਿਦਾਸ ਜੀ ਲਈ ਭਗਤੀ ਜਾਂ ਧਰਮ ਨਿੱਜੀ ਪ੍ਰਾਪਤੀ, ਖ਼ੁਸ਼ੀ ਜਾਂ ਮੁਕਤੀ ਲਈ ਨਹੀਂ, ਸਗੋਂ ਉਹ ਨਿਆਂ ਅਤੇ ਬਰਾਬਰੀ ਆਧਾਰਿਤ ਸਮਾਜ ਅਤੇ ਸੰਸਾਰ ਦਾ ਸੁਫਨਾ ਦੇਖਦੇ ਸਨ, ਜਿੱਥੇ ਹਰ ਕੋਈ ਖ਼ੁਸ਼ੀ, ਖ਼ੁਸ਼ਹਾਲੀ, ਸੁਤੰਤਰਤਾ ਅਤੇ ਮੁਹੱਬਤ ਭਰੇ ਜੀਵਨ ਦਾ ਭਾਗੀ ਬਣ ਸਕੇ। ਤਕੜੇ ਦੇ ਜ਼ੁਲਮ ਅਤੇ ਸ਼ੋਸ਼ਣ ਦਾ ਕੋਈ ਸ਼ਿਕਾਰ ਨਾ ਹੋਵੇ।

ਇਹ ਸੁਫਨਾ ਗੁਰੂ ਸਾਹਿਬਾਨ ਦੁਆਰਾ ਖੜ੍ਹੀ ਕੀਤੀ ਗਈ ਸਿੱਖ ਲਹਿਰ ਦੇ ਏਜੰਡੇ ਦਾ ਕੇਂਦਰੀ ਨੁਕਤਾ ਵੀ ਬਣਿਆ। ਸਿੱਖੀ ਦੇ ਪ੍ਰਚਾਰ ਦਾ ਭਾਵ ਇਸ ਸੁਫਨੇ ਨੂੰ ਜਨ ਜਨ ਦੇ ਖ਼ੂਨ ਵਿੱਚ ਉਤਾਰਨਾ ਸੀ ਅਤੇ ਖ਼ਾਲਸਾ ਪੰਥ ਦੀ ਸਾਜਨਾ ਇਸ ਸੁਫ਼ਨੇ ਦੀ ਪੂਰਤੀ ਲਈ ਇਨਕਲਾਬੀ ਪ੍ਰਤਿਬੱਧਤਾ ਦਾ ਐਲਾਨਨਾਮਾ ਸੀ।









# ਦਿਸ਼ਾਹੀਣ ਸਰਕਾਰ...

**ਸੁਖਵਿੰਦਰ ਸਿੰਘ ਚੋਹਲਾ**

**ਬਿਰਤਾਂਤ ! ਨੈਰੇਟਿਵ !**

ਅੱਜਕੱਲ੍ਹ ਇਸ ਸ਼ਬਦ ਦੀ ਭਰਪੂਰ ਚਰਚਾ ਹੈ। ਬਿਰਤਾਂਤ, ਕਹਾਣੀ, ਕਿੱਸਾ, ਕਥਾ, ਵਿਵਰਣ, ਗੱਪ ਦੇ ਕਈ ਰੂਪ ਅਤੇ ਭਾਵ ਹੋ ਸਕਦੇ ਹਨ। ਇਸਦਾ ਮੂਲ ਮਕਸਦ ਤਾਂ ਕਿਸੇ ਘਟਨਾ ਨੂੰ ਬਿਆਨ ਕਰਨਾ ਜਾਂ ਪ੍ਰਸਤੁਤ ਕਰਨਾ ਹੀ ਹੈ ਪਰ 'ਜਿੰਨੇ ਮੂੰਹ ਉਨੀਆਂ ਗੱਲਾਂ' ਦੇ ਅਖਾਣ ਵਾਂਗ ਇਸਦੇ ਭਾਵ ਅਰਥ ਵੱਖ- ਵੱਖ ਹੋ ਸਕਦੇ ਹਨ। ਪਰ ਜਦੋਂ ਕਿਸੇ ਨਿੱਜ ਜਾਂ ਹਿੱਤ ਪੂਰਤੀ ਤਹਿਤ ਕਿਸੇ ਬਿਰਤਾਂਤ ਜਾਂ ਕਹਾਣੀ ਨੂੰ ਬੁਣਿਆ ਜਾਂ ਬਣਾਇਆ ਜਾਵੇ ਤਾਂ ਉਸਦਾ ਕੇਂਦਰੀ ਭਾਵ ਝੂਠ ਨੂੰ ਸੱਚ ਸਾਬਿਤ ਕਰਨਾ ਹੀ ਹੁੰਦਾ ਹੈ। ਮਿਥਿਹਾਸ, ਇਤਿਹਾਸ ਵਿਚ ਅਨੇਕਾਂ ਅਜਿਹੇ ਕਲਪਿਤ ਬਿਰਤਾਂਤ ਹਨ ਜਿਹਨਾਂ ਤੋਂ ਸੱਚ ਖੁਰਚਣ ਵਾਲੇ ਧਰਮ ਜਾਂ ਦੇਸ਼ ਵਿਰੋਧੀ ਗਰਦਾਨ ਦਿੱਤੇ ਜਾਂਦੇ ਰਹੇ ਹਨ। ਮਿੱਥਕ ਪਰੰਪਰਾਵਾਂ ਦੀ ਮਹਾਨਤਾ ਦਾ ਹੋਕਾ ਦੇਣ ਵਾਲੀ ਤੇ ਇਕ ਰਾਸ਼ਟਰਵਾਦ ਦੇ ਨਾਅਰੇ ਨਾਲ ਭਾਰਤ ਦੀ ਸੱਤਾ ਉਪਰ ਕਾਬਜ਼ ਹੋਣ ਵਾਲੀ ਧਿਰ ਰਾਜਸੱਤਾ ਦੀ ਮਜਬੂਤੀ ਲਈ ਕੁਝ ਅਜਿਹੇ ਹੀ ਬਿਰਤਾਂਤ ਸਿਰਜਣ ਦੇ ਨਵੇਂ ਕੀਰਤੀਮਾਨ ਸਥਾਪਿਤ ਕਰ ਰਹੀ ਹੈ।

22 ਸਾਲ ਦੀ ਹੋਣਹਾਰ ਮੁਟਿਆਰ ਤੇ ਵਾਤਾਵਰਣ ਕਾਰਕੁੰਨ ਦਿਸ਼ਾ ਰਵੀ ਨੂੰ ਜਦੋਂ ਬੰਗਲੌਰ ਤੋਂ ਗ੍ਰਿਫਤਾਰ ਕਰਕੇ ਦਿੱਲੀ ਦੀ ਇਕ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਉਹ ਆਪਣੇ ਉਪਰ ਲਗਾਏ ਗਏ ਦੇਸ਼ ਧਰੋਹ ਅਤੇ ਹਿੰਸਾ ਫੈਲਾਉਣ ਦੇ ਦੋਸ਼ਾਂ ਬਾਰੇ ਸੁਣਕੇ ਰੋ ਪਈ। ਉਹ ਰੋਈ ਕਿ ਵਿਸ਼ਵ ਪ੍ਰਸਿੱਧ ਵਾਤਾਵਰਣ ਕਾਰਕੁੰਨ ਗਰੇਟਾ ਥੁਨਬਰਗ ਨਾਲ ਨੇੜਿਓਂ ਜੁੜਨ ਅਤੇ ਮੁਲਕ ਦੀ ਨੌਜਵਾਨ ਪੀੜੀ ਨੂੰ ਇਕ ਕੌਮਾਂਤਰੀ ਲਹਿਰ ਨਾਲ ਜੋੜਦਿਆਂ ਉਸਦਾ ਇਕ ਟਵੀਟ ਉਸਨੂੰ ਦੇਸ਼ ਧਰੋਹੀ ਵੀ ਬਣਾ ਸਕਦੈ। ਉਸਨੇ ਸ਼ਾਇਦ ਕਦੇ ਸੁਪਨੇ ਵਿਚ ਵੀ ਨਹੀ ਸੋਚਿਆ ਸੀ ਕਿ ਕਿਸਾਨ ਅੰਦੋਲਨ ਦੀ ਹਮਾਇਤ ਕਾਰਣ ਉਸਨੂੰ ਕਦੇ ਅਦਾਲਤ ਦੇ ਕਟਿਹਰੇ ਵਿਚ ਵੀ ਖੜਾ ਕੀਤਾ ਜਾ ਸਕਦੈ। ਦਿੱਲੀ ਪੁਲਿਸ ਦਾ ਦੋਸ਼ ਹੈ ਕਿ ਕਿਸਾਨ ਅੰਦੋਲਨ ਦੌਰਾਨ 26 ਜਨਵਰੀ ਨੂੰ ਇਤਿਹਾਸਕ ਲਾਲ ਕਿਲੇ ਉਪਰ ਕੇਸਰੀ ਝੰਡਾ ਲਹਿਰਾਉਣ ਅਤੇ ਹਿੰਸਕ ਘਟਨਾਵਾਂ ਨੂੰ ਅੰਜ਼ਾਮ ਦਿਤੇ ਜਾਣ ਪਿੱਛੇ ਦੇਸ਼ ਵਿਰੋਧੀ ਤਾਕਤਾਂ ਨਾਲ ਉਸਦਾ ਦਿਮਾਗ ਵੀ ਕੰਮ ਕਰ ਰਿਹਾ ਸੀ। ਉਸ ਵਲੋਂ ਹੀ ਵਾਤਾਵਰਣ ਕਾਰਕੁੰਨ ਗਰੇਟਾ ਥੁਨਬਰਗ ਨੂੰ ਕਿਸਾਨ ਅੰਦੋਲਨ ਦੇ ਸਮਰਥਨ ਵਿਚ ਟਵੀਟ ਲਈ ਪ੍ਰੇਰਿਆ ਤੇ ਗਲਤੀ ਨਾਲ ਟੂਲਕਿੱਟ ਨੱਥੀ ਕਰ ਦਿੱਤੀ। ਪੁਲਿਸ ਦਾ ਦਾਅਵਾ ਹੈ ਕਿ ਇਹ ਟੂਲਕਿੱਟ ਦਿਸ਼ਾ ਰਵੀ ਵਲੋਂ ਆਪਣੇ ਦੋ ਹੋਰ ਸਾਥੀਆਂ ਵਕੀਲ ਨਿਕਿਤਾ ਜੈਕਬ ਤੇ ਇੰਜੀਨੀਅਰ ਸ਼ਾਂਤਨੂੰ ਮਲਿਕ ਨਾਲ ਮਿਲਕੇ ਤਿਆਰ ਕੀਤੀ ਗਈ। ਉਹਨਾਂ ਨਾਲ ਇਕ ਅਮਰੀਕੀ ਮਾਨਵੀ ਕਾਰਕੁੰਨ ਪੀਟਰ ਫਰੈਡਰਿਕ ਦਾ ਨਾਮ ਵੀ ਲਿਆ ਗਿਆ ਹੈ ਜਿਸਦੇ ਕੇ ਟੂ ਭਾਵ ਕਸ਼ਮੀਰ ਅਤੇ ਖਾਲਿਸਤਾਨ ਜੋ ਕਿ ਪਾਕਿਸਾਤਾਨੀ ਏਜੰਸੀ ਆਈ ਐਸ ਆਈ ਦੇ ਵਿੰਗ ਵਜੋਂ ਸਰਗਰਮ ਹਨ, ਨਾਲ ਵੀ ਸਬੰਧ ਹਨ ਤੇ ਉਹ 2006 ਤੋਂ ਸੁਰੱਖਿਆ ਏਜੰਸੀਆਂ ਦੀ ਨਜ਼ਰ ਵਿਚ ਹੈ। ਆਪਣੇ ਉਪਰ ਲਗਾਏ ਜਾ ਇਲਜ਼ਾਮਾਂ ਬਾਰੇ ਫਰੈਡਰਿਕ ਦਾ ਕਹਿਣਾ ਹੈ ਕਿ ਇਹ ਕਿੰਨਾ ਹਾਸੋਹੀਣਾ ਹੈ ਕਿ ਉਹ ਕਹਿ ਰਹੇ ਹਨ ਕਿ ਮੇਰੇ ਵਰਗਾ ਇਕ ਕ੍ਰਿਸ਼ਚੀਅਨ ਲੇਖਕ ਅਤੇ ਕਾਲੀ ਪੌਪ ਸਟਾਰ ਰਿਹਾਨਾ ਇਕ ਨਾਮਨਿਹਾਦ ਵੱਖਰੀ ਸਿੱਖ ਸਟੇਟ ਦੇ ਸਮਰਥਕ ਹਾਂ। ਇਸ ਟੂਲਕਿਟ ਵਿਚ ਖਾਲਿਸਤਾਨੀ ਸਮਰਥਕ 'ਪੋਇਟਿਕ ਜਸਟਿਸ ਫਾਊਂਡੇਸ਼ਨ' ਨਾਲ ਮਿਲਕੇ ਭਾਰਤ ਖਿਲਾਫ ਕੌਮਾਂਤਰੀ ਪੱਧਰ ਉਪਰ ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਜੰਗ ਛੇੜਨ ਦੀ ਗੱਲ ਕੀਤੀ ਗਈ ਹੈ। ਦੋਸ਼ ਹਨ ਕਿ ਇਸ ਟੂਲਕਿੱਟ ਨੂੰ ਤਿਆਰ ਕਰਦਿਆਂ ਦਿਸ਼ਾ ਰਵੀ ਤੇ ਉਸਦੇ ਸਾਥੀਆਂ ਨੇ ਜੂਮ ਮੀਟਿੰਗ ਵੀ ਕੀਤੀ ਜਿਸ ਵਿਚ ਖਾਲਿਸਤਾਨੀ ਸਮਰਥਕ ਮੋਅ ਧਾਲੀਵਾਲ ਸਮੇਤ 60-70 ਲੋਕਾਂ ਨੇ ਸ਼ਮੂਲੀਅਤ ਕੀਤੀ। ਪੁਲਿਸ ਦਾ ਇਹ ਵੀ ਦਾਅਵਾ ਹੈ ਕਿ ਖਾਲਿਸਤਾਨੀ ਸਮਰਥਕ ਕਿਸਾਨ ਅੰਦੋਲਨ ਦੇ ਪਰਦੇ ਹੇਠ ਮੁਲਕ ਵਿਚ ਅਰਾਜਕਤਾ ਫੈਲਾਉਣ ਅਤੇ ਮੁਲਕ ਨੂੰ ਵੰਡਣ ਦੀ ਕੋਸ਼ਿਸ਼ ਕਰ ਰਹੇ ਹਨ।

ਦਿੱਲੀ ਪੁਲਿਸ ਵਲੋਂ ਦਿਸ਼ਾ ਰਵੀ ਨੂੰ ਗ੍ਰਿਫਤਾਰ ਕਰਨ ਉਪਰੰਤ ਅਦਾਲਤ ਨੇ ਪੁੱਛਗਿਛ ਲਈ 5 ਦਿਨਾ ਪੁਲਿਸ ਰਿਮਾਂਡ ਤੇ ਹੁਣ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਹੈ। ਪੁਲਿਸ ਇਸ ਮਾਮਲੇ ਦੀ ਪੂਰੀ ਜਾਂਚ ਤਹਿਤ ਗੂਗਲ ਅਤੇ ਜੂਮ ਤੱਕ ਪਹੁੰਚ ਕਰ ਰਹੀ ਹੈ। ਇਸ ਸ਼ਨੀਵਾਰ ਨੂੰ ਦਿਸ਼ਾ ਰਵੀ ਨੇ ਆਪਣੀ ਜ਼ਮਾਨਤ ਦੀ ਅਰਜੀ ਦਾਇਰ ਕਰਦਿਆਂ ਕਿਹਾ ਹੈ ਕਿ ਉਸਦਾ ਕਿਸੇ ਵੀ ਵੱਖਵਾਦੀ ਸੰਸਥਾ ਜਿਵੇਂ ਸਿਖਸ ਫਾਰ ਜਸਟਿਸ ਜਾਂ ਪੋਇਟਿਕ ਜਸਟਿਸ ਫਾਉਂਡੇਸ਼ਨ ਨਾਲ ਕੋਈ ਸਬੰਧ ਨਹੀ ਹੈ। ਹਾਂ ਉਸਨੇ ਵਾਤਾਵਰਣ ਪ੍ਰੇਮੀਆਂ ਦੇ ਇਕ ਗਰੁੱਪ ਨਾਲ ਜੂਮ ਮੀਟਿੰਗ ਵਿਚ ਸ਼ਮੂਲੀਅਤ ਜ਼ਰੂਰ ਕੀਤੀ ਸੀ ਪਰ ਉਸ ਮੀਟਿੰਗ ਦਾ ਮਕਸਦ ਵਾਤਾਵਰਣ ਬਚਾਉਣ ਦੀ ਲਹਿਰ ਨੂੰ ਅੱਗੇ ਵਧਾਉਣ ਲਈ ਪ੍ਰੋਗਰਾਮ ਉਲੀਕਣਾ ਸੀ। ਮੀਟਿੰਗ ਦੌਰਾਨ ਅਗਰ ਕੋਈ ਵੱਖਵਾਦੀ ਵਿਚਾਰਧਾਰਾ ਵਾਲਾ ਵਿਅਕਤੀ ਹਾਜ਼ਰ ਸੀ ਤਾਂ ਉਸ ਨਾਲ ਗੱਲ ਕਰਨ ਦਾ ਮਤਲਬ ਇਹ ਨਹੀ ਕਿ ਮੈਂ ਵੀ ਉਸਦੇ ਵਿਚਾਰਾਂ ਨਾਲ ਸਹਿਮਤ ਹਾਂ ਜਾਂ ਉਹਨਾਂ ਦੇ ਕਿਸੇ ਪ੍ਰੋਗਰਾਮ ਵਿਚ ਸ਼ਾਮਿਲ ਹਾਂ। ਉਸਨੇ ਸਪੱਸ਼ਟ ਕਿਹਾ ਕਿ ਉਸਦਾ ਕੰਮ ਨਫਰਤ ਬੋਣਾ ਨਹੀ ਬਲਕਿ ਵਾਤਾਵਰਣ ਨੂੰ ਬਚਾਉਣਾ ਹੈ। ਉਸਨੇ ਇਸੇ ਤਹਿਤ ਹੀ ਕਿਸਾਨ ਅੰਦੋਲਨ ਦੇ ਹੱਕ ਵਿਚ ਟਵੀਟ ਕਰਦਿਆਂ ਇਹ ਦਸਤਾਵੇਜ ਸਾਂਝਾ ਕੀਤਾ ਸੀ। ਦਿਸ਼ਾ ਦੇ ਵਕੀਲ ਨੇ ਵੀ ਜ਼ਮਾਨਤੀ ਅਰਜੀ ਦਾਇਰ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਚਰਚਾ ਅਧੀਨ ਟੂਲਕਿੱਟ ਵੀ ਕੇਵਲ ਇਕ ਡਿਜੀਟਲ ਦਸਤਾਵੇਜ਼ ਹੈ, ਉਸਦਾ ਕਿਸੇ ਵੱਖਵਾਦੀ ਸੰਸਥਾ ਨਾਲ ਕੋਈ ਸਬੰਧ ਨਹੀ। ਪਰ ਪੁਲਿਸ ਵਲੋਂ ਅਜਿਹਾ ਕੁਝ ਸਿਖਸ ਫਾਰ ਜਸਟਿਸ ਜਾਂ ਪੋਇਟਿਕ ਜਸਟਿਸ ਫਾਉਂਡੇਸ਼ਨ ਨਾਲ ਜੋੜਨ ਦਾ ਮਕਸਦ ਕੇਵਲ ਦੇਸ਼ ਧਰੋਹ ਦੇ ਦੋਸ਼ ਲਗਾਉਣਾ ਹੈ। ਉਧਰ ਦਿੱਲੀ ਪੁਲਿਸ ਨੇ ਦਿਸ਼ਾ ਦੀ ਜ਼ਮਾਨਤ ਦਾ ਵਿਰੋਧ ਕਰਦਿਆਂ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਉਹ ਟੂਲਕਿੱਟ ਭਾਰਤ ਨੂੰ ਕੌਮਾਂਤਰੀ ਪੱਧਰ ਤੇ ਬਦਨਾਮ ਕਰਨ ਦੀ ਸਾਜਿਸ਼ ਦਾ ਇਕ ਹਿੱਸਾ ਹੈ। ਦਿਸ਼ਾ ਜਿਸਨੂੰ ਦਿੱਲੀ ਪੁਲਿਸ ਵਲੋਂ 13 ਫਰਵਰੀ ਨੂੰ ਬੰਗਲੌਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਖਿਲਾਫ ਪੁਲਿਸ ਨੇ ਇਹ ਦੋਸ਼ ਦੁਹਰਾਏ ਹਨ ਕਿ ਉਸਦੇ ਖਾਲਿਸਤਾਨੀ ਸਮਰਥਕ 'ਪੋਇਟਿਕ ਜਸਟਿਸ ਫਾਊਂਡੇਸ਼ਨ' ਨਾਲ ਨੇੜਲੇ ਸਬੰਧ ਹਨ।

ਕਿੰਨੀ ਹਾਸੋਹੀਣੀ ਗੱਲ ਹੈ ਕਿ ਦਿੱਲੀ ਪੁਲਿਸ ਇਕ 22 ਸਾਲਾ ਮੁਟਿਆਰ ਨੂੰ ਆਨ ਲਾਈਨ ਚੈਟ ਜਾਂ ਜੂਮ ਮੀਟਿੰਗ ਰਾਹੀਂ ਇਕ ਅਲਗਾਵਾਦੀ ਸੰਸਥਾ ਨਾਲ ਸੰਪਰਕ ਕਰਨ ਉਪਰ ਦੇਸ਼ ਧਰੋਹ ਦਾ ਮੁਕੱਦਮਾ ਕਰਕੇ ਸਲਾਖਾਂ ਪਿੱਛੇ ਡੱਕ ਦਿੰਦੀ ਹੈ। ਪੁਲਿਸ ਨੇ ਆਪਣੇ ਸਿਆਸੀ ਪ੍ਰਭੂਆਂ ਦੁਆਰਾ ਕਿਸਾਨ ਅੰਦੋਲਨ ਨੂੰ ਵਿਦੇਸ਼ੀ ਸਾਜਿਸ਼ ਨਾਲ ਜੋੜਨ ਦੀ ਕਾਹਲ ਵਿਚ ਜੋ ਕੀਤਾ ਸੋ ਸਾਹਮਣੇ ਹੈ ਪਰ ਇਸ ਦੌਰਾਨ ਅਦਾਲਤੀ ਨਿਰਪੱਖਤਾ ਉਪਰ ਵੀ ਸਵਾਲ ਹਨ। ਕੀ ਬੰਗਲੌਰ ਤੋਂ ਉਸਦੀ ਗ੍ਰਿਫਤਾਰੀ ਲਈ ਕਨੂੰਨੀ ਨਿਯਮਾਂ ਦੀ ਪਾਲਣਾ ਹੋਈ ? ਕੀ ਉਸਨੂੰ ਪੁਲਿਸ ਰਿਮਾਂਡ ਵਿਚ ਲੈਣ ਲਈ ਕੌਂਸਲਰ ਸਹਾਇਤਾ ਪ੍ਰਦਾਨ ਕੀਤੀ ? ਅਦਾਲਤ ਨੇ ਪੁਲਿਸ ਨੂੰ ਇਹ ਸਵਾਲ ਨਹੀ ਕੀਤਾ ਕਿ ਇਕ ਕੌਮਾਂਤਰੀ ਵਾਤਾਵਰਣ ਲਹਿਰ ਨਾਲ ਜੁੜੀ ਮੁਟਿਆਰ ਦੇਸ਼ ਲਈ ਖਤਰਾ ਕਿਵੇਂ ਹੈ ? ਉਹ ਹੋਣਹਾਰ ਮੁਟਿਆਰ ਜੋ ਸਕੂਲੀ ਬੱਚਿਆਂ ਲਈ ਇਕ ਰਾਹ ਦਿਸੇਰੇ ਵਜੋਂ ਉਭਰੀ। ਜਿਸਦੀਆਂ ਸਮਾਜਿਕ ਸਰਗਰਮੀਆਂ ਨੂੰ ਲੋਕ ਮਾਣ ਨਾਲ ਦੇਖਦੇ ਤੇ ਨਵੀ ਪੀੜੀ ਲਈ ਪ੍ਰੇਰਨਾ ਸਰੋਤ ਮੰਨਦੇ ਸਨ। ਮੁਲਕ ਦੀਆਂ ਹੋਰ ਮੁਟਿਆਰਾਂ ਵਿਚਾਲੇ ਇਕ ਨਵਾਂ ਉਤਸ਼ਾਹ ਭਰਨ ਵਾਲੀ ਮੁਟਿਆਰ ਖਿਲਾਫ ਦੇਸ਼ ਧਰੋਹ ਦਾ ਮੁਕੱਦਮਾ ਕੀ ਦੇਸ਼ ਨੂੰ ਇਹ ਸੁਨੇਹਾ ਦੇਣ ਲਈ ਜਰੂਰੀ ਸੀ ਕਿ ਰਾਜਧਾਨੀ ਦਿੱਲੀ ਦੇ ਬਾਹਰ ਤਿੰਨ ਮਹੀਨੇ ਤੋਂ ਆਪਣੀਆਂ ਮੰਗਾਂ ਦੇ ਹੱਕ ਵਿਚ ਅੰਦੋਲਨ ਕਰ ਰਹੇ ਲੱਖਾਂ ਕਿਸਾਨ ਦੇਸ਼ ਵਿਰੋਧੀ ਤਾਕਤਾਂ ਦੇ ਹੱਥਾਂ ਵਿਚ ਖੇਡ ਰਹੇ ਹਨ ? ਕਿਸਾਨ ਅੰਦੋਲਨ ਦੇ ਦੇਸ਼ ਵਿਰੋਧੀ ਤਾਕਤਾਂ ਦੇ ਹੱਥਾਂ ਵਿਚ ਜਾਣ ਦੇ ਸਬੂਤ ਵਜੋਂ ਉਹਨਾਂ ਵਿਸ਼ਵ ਪ੍ਰਸਿੱਧ ਵਾਤਾਵਰਣ ਕਾਰਕੁੰਨ ਗਰੇਟਾ ਨੂੰ ਵੀ ਦੁਸ਼ਮਣ ਤਾਕਤਾਂ ਦੀ ਕਤਾਰ ਵਿਚ ਸ਼ੁਮਾਰ ਕਰਨ ਤੋਂ ਸੰਕੋਚ ਨਹੀ ਕੀਤਾ। ਕਿਸਾਨ ਅੰਦੋਲਨ ਨੂੰ ਦੇਸ਼ ਵਿਰੋਧੀ ਸਾਬਿਤ ਕਰਨ ਲਈ ਉਹ ਇਸ ਹੱਦ ਤੱਕ ਚਲੇ ਗਏ ਕਿ ਕੂਟਨੀਤਕ ਮਾਣ ਮਰਿਯਾਦਾ ਵੀ ਭੁੱਲ ਬੈਠੇ। ਇਸਤੋਂ ਵੀ ਸ਼ਰਮਨਾਕ ਇਹ ਕਿ ਸੱਤਾਧਾਰੀ ਪਾਰਟੀ ਦੇ ਵਰਕਰ ਤੇ ਸਮਰਥਕ ਵਾਤਾਵਰਣ ਬਚਾਓ ਲਹਿਰ ਦੀ ਮੁਹਰੈਲ ਮੁਟਿਆਰ ਦੀਆਂ ਤਸਵੀਰਾਂ ਲੈ ਕੇ ਸੜਕਾਂ ਉਪਰ ਰੋਸ ਪ੍ਰਦਰਸ਼ਨ ਕਰਦੇ ਵੀ ਦਿਖਾਈ ਦਿੱਤੇ। ਕੁਦਰਤ ਰਾਣੀ ਦੇ ਮਾਸੂਮੀਅਤ ਭਰੇ ਚਿਹਰੇ ਵਜੋਂ ਪ੍ਰਵਾਨਿਤ ਉਸਦੀਆਂ ਤਸਵੀਰਾਂ ਅਗਨ ਭੇਟ ਕੀਤੀਆਂ ਗਈਆਂ। ਭਾਰਤ ਵਿਚ ਰਾਮਰਾਜ ਲਿਆਉਣ ਦਾ ਦਾਅਵਾ ਕਰਨ ਵਾਲੇ ਕਿਸੇ ਭੱਦਰ ਪੁਰਸ਼ ਨੇ ਉਹਨਾਂ ਦੀ ਇਸ ਜਹਾਲਤ ਭਰੀ ਹਰਕਤ ਉਪਰ ਲਾਹਨਤ ਭੇਜਣ ਦੀ ਲੋੜ ਨਹੀ ਸਮਝੀ। ਸ਼ਾਇਦ ਉਹ ਸੱਤਾ ਸੁਖ ਦੇ ਭਰਮ ਜਾਲ ਵਿਚ ਇਤਨੇ ਗਲਤਾਨ ਹਨ ਕਿ ਸਭ ਮਾਨਵੀ ਕਦਰਾਂ ਕੀਮਤਾਂ ਹੀ ਵਿਸਾਰ ਚੁੱਕੇ ਹਨ। ਉਹ ਇਹ ਵੀ ਭੁੱਲ ਗਏ ਹਨ ਕਿ ਉਹਨਾਂ ਦਾ ਇਹ ਵਿਵਹਾਰ ਭਾਰਤ ਨੂੰ ਵਿਸ਼ਵ ਗੁਰੂ ਬਣਾਉਣ ਦੇ ਦਾਅਵਿਆਂ ਨੂੰ ਕਿਵੇ ਚਾਕ ਚਾਕ ਕਰ ਚੁੱਕਾ ਹੈ। ਹਕੂਮਤੀ ਫੈਸਲਿਆਂ ਨੂੰ ਹਰ ਹਾਲ ਵਾਜਬ ਠਹਿਰਾਏ ਜਾਣ ਦੀ ਜਿੱਦ ਪੂਰਤੀ ਤਹਿਤ ਸਿਰਜੇ ਜਾ ਰਹੇ ਅਜਿਹੇ ਝੂਠੇ ਬਿਰਤਾਂਤ ਨਾਲ ਮੁਲਕ ਦਾ ਕੌਮਾਂਤਰੀ ਪੱਧਰ ਉਪਰ ਜਿਤਨਾ ਨੁਕਸਾਨ ਉਹ ਕਰ ਚੁੱਕੇ ਹਨ, ਉਸਦੀ ਪੂਰਤੀ ਕਿਵੇ ਹੋਵੇਗੀ ? ਇਹ ਸਵਾਲ ਭਾਰਤੀ ਰਹਿਤਲ ਵਿਚ ਲੱਖ ਖਾਮੀਆਂ ਦੇ ਬਾਵਜੂਦ, ਆਪਣੀ ਮਿੱਟੀ ਨੂੰ ਪਿਆਰ ਅਤੇ ਸਤਿਕਾਰ ਦੇਣ ਵਾਲੇ ਲੋਕਾਂ ਸਾਹਵੇਂ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ।

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANTS

HARDEV SINGH GREWAL
Mortgage Consultant
Cell: 604-500-3920
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਭਾਰਤ ਸਰਕਾਰ ਵੱਲੋਂ ਸੋਸ਼ਲ ਮੀਡੀਆ ਉਪਰ ਲਗਾਮ ਕੱਸਣ ਦੀ ਤਿਆਰੀ

[ਸਫ਼ਾ 3 ਦੀ ਬਾਕੀ]

ਨੂੰ 36 ਘੰਟਿਆਂ ਅੰਦਰ ਆਪਣੇ ਮੰਚ ਤੋਂ ਹਟਾਉਣਾ ਹੋਵੇਗਾ। ਇਹੀ ਨਹੀਂ ਇਨ੍ਹਾਂ ਪਲੈਟਫਾਰਮਾਂ ਨੂੰ ਸ਼ਿਕਾਇਤਾਂ ਦੇ ਨਿਪਟਾਰੇ ਲਈ ਇਕ ਚੌਖਟਾ ਵਿਕਸਤ ਕਰਨਾ ਹੋਵੇਗਾ, ਜਿਸ ਦੇ ਅਧਿਕਾਰੀ ਦਾ ਦਫ਼ਤਰ ਭਾਰਤ ਵਿੱਚ ਹੀ ਅਧਾਰਿਤ ਹੋਵੇਗਾ। ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਮੁਤਾਬਕ ਟਵਿੱਟਰ ਤੇ ਵੱਟਸਐਪ ਜਿਹੇ ਪਲੈਟਫਾਰਮਾਂ ਲਈ ਅਜਿਹੇ ਕਿਸੇ ਵੀ ਸੁਨੇਹੇ, ਜਿਸ ਨੂੰ ਦੇਸ਼ ਵਿਰੋਧੀ ਤੇ ਦੇਸ਼ ਦੀ ਸੁਰੱਖਿਆ ਤੇ ਅਖੰਡਤਾ ਲਈ ਖ਼ਤਰਾ ਮੰਨਿਆ ਜਾਵੇਗਾ, ਦੇ ਮੂਲ ਸਰੋਤ ਦੀ ਪਛਾਣ ਕਰਨੀ ਲਾਜ਼ਮੀ ਹੋਵੇਗੀ। ਸਰਕਾਰ ਨੇ ਡਿਜੀਟਲ ਮੀਡੀਆ ਤੇ ਓਟੀਟੀ ਵੱਲ ਧਿਆਨ ਕੇਂਦਰਤ ਕਰਦਿਆਂ ਜਿੱਥੇ ਪੱਤਰਕਾਰੀ ਤੇ ਸਿਰਜਣਾਤਮਕ ਅਜ਼ਾਦੀ ਦੀ ਖੁੱਲ੍ਹ ਨੂੰ ਬਰਕਰਾਰ ਰੱਖਿਆ ਹੈ, ਉਥੇ ਸਵੈ-ਕੰਟਰੋਲ ਵਾਲਾ ਚੌਖਟਾ ਵਿਕਸਤ ਕਰਨ ਲਈ ਕਿਹਾ ਹੈ। ਉਂਜ ਪਹਿਲੀ ਵਾਰ ਹੈ ਜਦੋਂ ਦੇਸ਼ ਦੇ ਅਧਿਕਾਰ ਖੇਤਰ 'ਚ ਚਲਦੇ ਡਿਜੀਟਲ ਤੇ ਆਨਲਾਈਨ ਮੀਡੀਆ ਲਈ ਨੇਮ ਘੜੇ ਗਏ ਹਨ। ਸਰਕਾਰ ਨੇ ਇਹ ਦਿਸ਼ਾ ਨਿਰਦੇਸ਼ ਅਜਿਹੇ ਮੌਕੇ ਜਾਰੀ ਕੀਤੇ ਹਨ, ਜਦੋਂ ਕਿਸਾਨ ਅੰਦੋਲਨ ਬਾਰੇ ਕੁਝ ਸੁਨੇਹਿਆਂ ਨੂੰ ਲੈ ਕੇ ਸਰਕਾਰ ਤੇ ਟਵਿੱਟਰ ਦਰਮਿਆਨ ਸ਼ਬਦੀ ਜੰਗ ਸਿਖਰ 'ਤੇ ਸੀ। ਸਰਕਾਰ ਨੇ ਮਾਈਕਰੋ ਬਲੌਗਿੰਗ ਸਾਈਟ ਟਵਿੱਟਰ ਨੂੰ 1500 ਦੇ ਕਰੀਬ ਖਾਤੇ ਬੰਦ ਕਰਨ ਤੇ ਸੁਨੇਹੇ ਹਟਾਉਣ ਲਈ ਕਿਹਾ ਸੀ। ਟਵਿੱਟਰ ਨੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਹਵਾਲੇ ਨਾਲ ਪਹਿਲਾਂ ਤਾਂ ਸਰਕਾਰ ਨੂੰ ਨਾਂਹ ਕਰ ਦਿੱਤੀ, ਪਰ ਜਦੋਂ ਸਰਕਾਰ ਨੇ ਫੌਜਦਾਰੀ ਕੇਸ ਦੀ ਚੇਤਾਵਨੀ ਦਿੱਤੀ ਤਾਂ ਟਵਿੱਟਰ ਨੇ ਹਾਮੀ ਭਰ ਦਿੱਤੀ। ਸੂਚਨਾ ਤਕਨੀਕ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਸੋਸ਼ਲ ਮੀਡੀਆ ਪਲੈਟਫਾਰਮਾਂ ਦੀ ਦੁਰਵਰਤੋਂ ਤੇ ਫ਼ਰਜ਼ੀ ਖ਼ਬਰਾਂ ਦੇ ਫੈਲਾਅ ਸਬੰਧੀ ਲਗਾਤਾਰ ਫ਼ਿਕਰ ਜ਼ਾਹਿਰ ਕੀਤੇ ਜਾ ਰਹੇ ਸਨ। ਪ੍ਰਸਾਦ ਨੇ ਕਿਹਾ, 'ਸੋਸ਼ਲ ਮੀਡੀਆ ਕੰਪਨੀਆਂ ਦਾ ਭਾਰਤ ਨੂੰ ਸਸ਼ਕਤ ਬਣਾਉਣ ਤੇ ਦੇਸ਼ ਵਿੱਚ ਕਾਰੋਬਾਰ ਕਰਨ ਲਈ ਸਵਾਗਤ ਹੈ...ਅਸੀਂ ਨੁਕਤਾਚੀਨੀ ਤੇ ਵਿਰੋਧ ਦਾ ਸਵਾਗਤ ਕਰਦੇ ਹਾਂ...ਪਰ ਇਹ ਵੀ ਅਹਿਮ ਹੈ ਕਿ ਅਸੀਂ ਸੋਸ਼ਲ ਮੀਡੀਆ ਦੇ ਵਰਤੋਂਕਾਰਾਂ ਨੂੰ ਉਨ੍ਹਾਂ ਦੀਆਂ ਸ਼ਿਕਾਇਤਾਂ ਦੇ ਸਮਾਂਬੱਧ ਹੱਲ ਲਈ ਕੋਈ ਢੁੱਕਵਾਂ ਮੰਚ ਮੁਹੱਈਆ ਕਰਵਾਈਏ।' ਡਿਜੀਟਲ ਮੀਡੀਆ ਲਈ ਨੈਤਿਕਤਾ ਕੋਡ ਦੇ ਨਾਲ ਤਿੰਨ ਪੜਾਵੀ ਸ਼ਿਕਾਇਤ ਨਿਵਾਰਣ ਚੌਖਟਾ ਹੋਵੇਗਾ। ਸੂਚਨਾ ਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਓਟੀਟੀ ਪਲੈਟਫਾਰਮਾਂ ਨੂੰ ਪੇਰੈਂਟਲ ਲੌਕ ਜਿਹੀਆਂ ਵਿਵਸਥਾਵਾਂ ਦਾ ਪ੍ਰਬੰਧ ਕਰਨਾ ਹੋਵੇਗਾ। ਆਨਲਾਈਨ ਪਬਲਿਸ਼ਰਾਂ ਨੂੰ ਵੀ ਵਿਸ਼ਾ ਵਸਤੂ ਦੀ ਦਰਜਾਬੰਦੀ ਰੇਟਿੰਗ ਪ੍ਰਮੁੱਖਤਾ ਨਾਲ ਡਿਸਪਲੇਅ ਕਰਨੀ ਹੋਵੇਗੀ। ਆਫਲਾਈਨ (ਪ੍ਰਿੰਟ ਤੇ ਟੀਵੀ) ਅਤੇ ਡਿਜੀਟਲ ਮੀਡੀਆ ਨੂੰ ਬਰਾਬਰ ਦੇ ਮੌਕੇ ਦੇਣ ਲਈ ਡਿਜੀਟਲ ਮੀਡੀਆ 'ਤੇ ਪ੍ਰਸਾਰਿਤ ਹੋਣ ਵਾਲੀਆਂ ਖ਼ਬਰਾਂ ਦੇ ਪਬਲਿਸ਼ਰਾਂ ਨੂੰ ਭਾਰਤੀ ਪ੍ਰੈੱਸ ਕੌਂਸਲ (ਪੀਸੀਆਈ) ਦੇ ਪੱਤਰਕਾਰੀ ਨਾਲ ਜੁੜੇ ਨੇਮਾਂ ਤੇ ਕੇਬਲ ਟੈਲੀਵਿਜ਼ਨ ਨੈੱਟਵਰਕ ਰੈਗੂਲੇਸ਼ਨ ਐਕਟ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਹੋਵੇਗਾ।

### ਸ਼ਾਹ ਵਲੋਂ ਸਵਾਗਤ



ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਸਰਕਾਰ ਸਾਰੇ ਡਿਜੀਟਲ ਮੀਡੀਆ ਅਤੇ ਓਟੀਟੀ ਪਲੈਟਫਾਰਮਾਂ ਨੂੰ ਇਕੋ ਜਿਹੇ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਹੈ, ਪਰ ਉਨ੍ਹਾਂ ਨੂੰ ਭਾਰਤੀ ਕਾਨੂੰਨਾਂ ਦੀ ਪਾਲਣਾ ਕਰਨੀ ਹੋਵੇਗੀ। ਗ੍ਰਹਿ ਮੰਤਰਾਲੇ ਨੇ ਇੱਕ ਟਵੀਟ 'ਚ ਕਿਹਾ, 'ਸਾਰੇ ਸੋਸ਼ਲ ਮੀਡੀਆ ਪਲੈਟਫਾਰਮਾਂ ਨੂੰ ਭਾਰਤੀ ਕਾਨੂੰਨ ਮੰਨਣੇ ਪੈਣਗੇ। ਅੱਜ ਐਲਾਨੇ ਗਏ ਨਵੇਂ ਨਿਯਮ ਸੋਸ਼ਲ ਮੀਡੀਆ ਵਰਤੋਂਕਾਰਾਂ ਨੂੰ ਸੰਸਥਾਗਤ ਨਿਵਾਰਨ ਪ੍ਰਣਾਲੀ ਰਾਹੀਂ ਹੋਰ ਤਾਕਤ ਦੇਣਗੇ ਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਹੱਲ ਯਕੀਨੀ ਬਣਾਉਣਗੇ।'

BADH Accounting Services
32 Years Experience in Accounting
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

MORTGAGES + PRIVATE LOANS
BUY, SELL & MORTGAGE WITH US & RECEIVE UP TO $20,000* CASH BACK OR DISCOUNT
SPECIAL OFFER FOR FIRST TIME BUYERS
PLEASE CALL US FOR CASH BACK & SPECIAL RATES PACKAGE AND SAVE $$$
CENTUM

BHAJAN ATWAL
604-773-8426
*SOME CONDITIONS APPLY. FULLY SUPPORTED : CENTUM FINANCIAL & CITY2CITY REAL ESTATE SERVICES

# ਜਨਰਲ ਜੌਨ ਵੈਨਸ ਖ਼ਿਲਾਫ਼ ਜਿਣਸੀ ਸੋਸ਼ਣ ਦੋਸ਼ਾਂ ਦੀ ਸੁਤੰਤਰ ਜਾਂਚ ਹੋਵੇ-ਸੰਸਦੀ ਕਮੇਟੀ

[ਸਫ਼ਾ 1 ਦੀ ਬਾਕੀ]

ਇਸ ਦੀ ਬਜਾਏ ਇਸ ਨੇ ਉਹ ਸੈਂਟਰ ਬਣਾ ਦਿੱਤਾ ਜਿਹੜਾ ਨੈਸ਼ਨਲ ਡਿਫੈਂਸ ਵਿਖੇ ਉਪ ਮੰਤਰੀ ਨੂੰ ਰਿਪੋਰਟ ਕਰੇ। ਐਮਪੀਜ਼ ਨੂੰ ਬਿਆਨਾਂ ਵਿਚ ਦੱਸਿਆ ਗਿਆ ਕਿ ਮੌਜੂਦਾ ਸੈਂਟਰ ਦਾ ਕੁਝ ਵੀ ਕਰਨ ਲਈ ਸੀਮਤ ਦਾਇਰਾ ਹੈ। ਡੇਸਚੈਂਪਸ ਨੇ ਸੰਸਦ ਮੈਂਬਰਾਂ ਨੂੰ ਕਿਹਾ ਕਿ ਮੈਂ ਕਹਿ ਰਿਹਾ ਹਾਂ ਕਿ ਸੈਂਟਰ ਸੁਤੰਤਰ ਹੋਣਾ ਚਾਹੀਦਾ ਹੈ। ਗਲੋਬਲ ਨਿਊਜ਼ ਦੀਆਂ ਲੜੀਵਾਰ ਰਿਪੋਰਟਾਂ ਪਿਛੋਂ ਮਿਲਟਰੀ ਪੁਲਿਸ ਨੇ ਵੈਨਸ ਖਿਲਾਫ ਜਾਂਚ ਸ਼ੁਰੂ ਕੀਤੀ ਜਿਨ੍ਹਾਂ ਵਿਚ ਦੋਸ਼ ਲਾਇਆ ਕਿ ਅਫਸਰ ਦੇ ਇਕ ਔਰਤ ਨਾਲ ਰਿਸ਼ਤੇ ਰਹੇ ਜਿਸ ਤੋਂ ਉਸ ਦਾ ਕਾਫੀ ਉੱਚਾ ਰੈਂਕ ਸੀ। ਗਲੋਬਲ ਨੇ ਇਹ ਵੀ ਰਿਪੋਰਟ ਦਿੱਤੀ ਕਿ ਵੈਨਸ ਨੇ 2012 ਵਿਚ ਰੱਖਿਆ ਸਟਾਫ ਦੇ ਮੁਖੀ ਨਿਯੁਕਤ ਕੀਤੇ ਜਾਣ ਤੋਂ ਪਹਿਲਾਂ ਇਕ ਹੋਰ ਬਹੁਤ ਔਰਤ ਸੈਨਿਕ ਨੂੰ ਜਿਣਸੀ ਸਬੰਧਾਂ ਲਈ ਸੁਝਾਅ ਦਿੱਤਾ ਸੀ। ਜਦੋਂ ਗਲੋਬਲ ਨੇ ਵੈਨਸ ਨਾਲ ਸੰਪਰਕ ਕੀਤਾ ਤਾਂ ਉਸ ਨੇ ਕਿਹਾ ਕਿ ਉਸ ਨੇ ਕੁਝ ਵੀ ਗਲਤ ਨਹੀਂ ਕੀਤਾ। ਐਤਵਾਰ ਗਲੋਬਲ ਨਿਊਜ਼ ਨੇ ਮੇਜਰ ਕੇਲੀ ਬਰੇਨਨ ਨਾਲ ਮੁਲਾਕਾਤ ਪ੍ਰਸਾਰਤ ਕੀਤੀ ਜਿਸ ਨੇ ਵੈਨਸ ਨਾਲ ਆਪਣੇ 20 ਸਾਲਾਂ ਦੇ ਸਬੰਧਾਂ ਬਾਰੇ ਜਾਣਕਾਰੀ ਦਿੱਤੀ। ਉਸ ਨੇ ਦੋਸ਼ ਲਾਇਆ ਕਿ ਇਹ ਸਬੰਧ ਉਸ ਸਮੇਂ ਸ਼ੁਰੂ ਹੋਏ ਜਦੋਂ ਵੈਨਸ ਉਸ ਦਾ ਬੌਸ ਸੀ ਅੱਤੇ ਜਿਉਂ ਹੀ ਉਸ ਦਾ ਕੈਰੀਅਰ ਅੱਗੇ ਵਧਿਆ ਤਾਂ ਇਹ ਸਬੰਧ ਕਾਇਮ ਰਹੇ। ਉਹ ਉਸ ਦੇ ਦਫ਼ਤਰ, ਉਸ ਦੇ ਘਰ ਤੇ ਕਾਰ ਵਿਚ ਹੀ ਜਿਣਸੀ ਸਬੰਧ ਬਣਾ ਲੈਂਦੇ। ਬਰੇਨਨ ਨੇ ਦਾਅਵਾ ਕੀਤਾ ਕਿ ਸੀਨੀਅਰ ਸੈਨਿਕ ਅਧਿਕਾਰੀਆਂ ਨੂੰ ਉਸ ਦੇ ਵੈਨਸ ਨਾਲ ਸਬੰਧਾਂ ਬਾਰੇ ਪਤਾ ਸੀ ਕਿਉਂਕਿ ਉਸ ਨੇ ਉਨ੍ਹਾਂ ਨੂੰ ਦੱਸਿਆ ਸੀ। ਉਸ ਨੇ ਕਿਹਾ ਕਿ ਸੀਬੀਐਫ ਵੇਨਰਾਈਟ, ਅਲਬਰਟਾ ਵਿਖੇ ਕਾਨਫਰੰਸ ਰੂਮ ਵਿਚ ਇਕ ਹੋਰ ਅਫਸਰ ਨੇ ਉਸ ਨਾਲ ਹਿੰਸਕ ਤਰੀਕੇ ਨਾਲ ਜਬਰਨਜਾਹ ਕੀਤਾ ਸੀ। ਉਸ ਨੇ ਇਸ ਬਾਰੇ ਜੌਨ ਵੈਨਸ ਨੂੰ ਜਾਣਕਾਰੀ ਦਿੱਤੀ ਸੀ ਪਰ ਉਸ ਨੇ ਕੁਝ ਨਹੀਂ ਕੀਤਾ। ਬਰੇਨਨ ਨੇ ਗਲੋਬਲ ਨਿਊਜ਼ ਨਾਲ ਮੁਲਾਕਾਤ ਵਿਚ ਦੋਸ਼ ਲਾਇਆ ਕਿ ਵੈਨਸ ਦੇ ਜੁਲਾਈ 2015 ਵਿਚ ਚੀਫ਼ ਆਫ ਡਿਫੈਂਸ ਸਟਾਫ ਵਜੋਂ ਸਹੁੰ ਚੁੱਕਣ ਤੋਂ ਪਹਿਲੀ ਰਾਤ ਉਸ ਨੇ ਵੈਨਸ ਨਾਲ ਜਿਣਸੀ ਸਬੰਧ ਬਣਾਏ ਸਨ। ਉਸ ਨੇ ਦੱਸਿਆ ਕਿ ਵੈਨਸ ਉਸ ਸਮੇਂ ਭਾਸ਼ਣ ਬਾਰੇ ਉਸ ਦੇ ਵਿਚਾਰ ਜਾਨਣਾ ਚਾਹੁੰਦਾ ਸੀ ਜਿਹੜਾ ਉਸ ਨੇ ਅਗਲੇ ਦਿਨ ਦੇਣਾ ਸੀ।

OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
MEMBER BBB
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty

"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

BLACK & WHITE AUTO BODY PAINT
ICBC c.a.r. shop VALET
Accredited Collision Repairs & Valet Service

ਹਰ ਵੱਡੀ ਤੇ ਛੋਟੀ ਜੌਬ ਕਰਦੇ ਹਾਂ!
ਪੁਸ਼ਪਿੰਦਰ 604.720.3511
ਪ੍ਰਿੰਸ 604.366-6474
• ਆਟੋ ਗਲਾਸ ਵੀ ਬਦਲਦੇ ਹਾਂ
• ਕੰਪਲੀਟ ਬਾਡੀ ਰਿਪੇਅਰ ਅਤੇ ਪੇਂਟ
• ICBC ਅਤੇ ਪ੍ਰਾਈਵੇਟ ਕਲੇਮ

#16B-7823-132nd St., Surrey
Off: 604.503.0988
Fax: 604.503.0989 • Email: blackandwhiteauto@ymail.com

# ਜੈਤੋਂ ਵਿਖੇ ਹਰਦਮ ਸਿੰਘ ਮਾਨ ਦੇ ਸਨਮਾਨ ਹਿਤ ਰੂਬਰੂ ਸਮਾਰੋਹ

ਜੈਤੋ, 23 ਫਰਵਰੀ 2021–ਜੈਤੋ ਦੀ ਪ੍ਰਸਿੱਧ ਸਹਿਤਕ ਸੰਸਥਾ ਦੀਪਕ ਜੈਤੋਈ ਮੰਚ (ਰਜਿ।) ਵੱਲੋਂ ਕੈਨੇਡਾ ਤੋਂ ਆਏ ਸ਼ਾਇਰ ਹਰਦਮ ਸਿੰਘ ਮਾਨ ਦੇ ਸਨਮਾਨ ਹਿਤ ਰੂਬਰੂ ਸਮਾਰੋਹ ਕਰਵਾਇਆ ਗਿਆ। ਸਥਾਨਕ ਪੈਨਸ਼ਨਰਜ਼ ਭਵਨ ਵਿਖੇ ਹੋਏ ਇਸ ਸਮਾਗਮ ਦੀ ਪ੍ਰਧਾਨਗੀ ਮੁੱਖ ਮਹਿਮਾਨ ਹਰਦਮ ਸਿੰਘ ਮਾਨ ਤੋਂ ਇਲਾਵਾ ਪ੍ਰਸਿੱਧ ਸਾਹਿਤਕਾਰ ਪ੍ਰੋ। ਤਰਸੇਮ ਨਰੂਲਾ, ਸਾਧੂ ਰਾਮ ਸ਼ਰਮਾ, ਦਰਸ਼ਨ ਸਿੰਘ ਬਰਾੜ ਅਤੇ ਮੰਗਤ ਸ਼ਰਮਾ ਨੇ ਕੀਤੀ। ਸਟੇਜ ਦਾ ਸੰਚਾਲਨ ਕਰਦਿਆਂ ਪ੍ਰਸਿੱਧ ਸ਼ਾਇਰ ਅਤੇ ਰੇਡੀ ? ਹੋਸਟ ਹਰਮੇਲ ਪਰੀਤ ਨੇ ਹਰਦਮ ਸਿੰਘ ਮਾਨ ਦੇ ਕੁਝ ਚੋਣਵੇਂ ਸ਼ਿਅਰਾਂ ਨਾਲ ਉਨ੍ਹਾਂ ਦੀ ਸ਼ਾਇਰੀ ਬਾਰੇ ਦੱਸਿਆ ਅਤੇ ਉਨ੍ਹਾਂ ਵੱਲੋਂ ਜੈਤੋ ਵਿਖੇ ਸਾਹਿਤਕ, ਸੱਭਿਆਚਾਰਕ ਅਤੇ ਪੱਤਰਕਾਰੀ ਦੇ ਖੇਤਰ ਕੀਤੇ ਕਾਰਜਾਂ ਦੀ ਸੰਖੇਪ ਜਾਣਕਾਰੀ ਦਿੰਦਿਆਂ ਹਰਦਮ ਸਿੰਘ ਮਾਨ ਨੂੰ ਸਰੋਤਿਆਂ ਦੇ ਰੂਬਰੂ ਕੀਤਾ। ਹਰਦਮ ਸਿੰਘ ਮਾਨ ਨੇ ਜੈਤੋ ਨਾਲ ਆਪਣੀ 42 ਸਾਲਾਂ ਤੋਂ ਵਡੇਰੀ ਸਾਂਝ ਨਾਲ ਗੱਲਬਾਤ ਸ਼ੁਰੂ ਕਰਦਿਆਂ ਜੈਤੋ ਵਿਖੇ 28 ਸਾਲ ਨਿਭਾਈ ਬੈਂਕ ਸੇਵਾ ਦਾ ਜ਼ਿਕਰ ਕੀਤਾ, ਪੰਜਾਬੀ ਸਾਹਿਤ ਸਭਾ ਜੈਤੋ ਅਤੇ ਪੱਤਰਕਾਰੀ ਦੇ ਸਫ਼ਰ ਬਾਰੇ ਦੱਸਿਆ। ਉਨ੍ਹਾਂ ਉਸਤਾਦ ਸ਼ਾਇਰ ਦੀਪਕ ਜੈਤੋਈ ਨੂੰ ਨਤਮਸਤਕ ਹੁੰਦਿਆਂ ਕਿਹਾ ਕਿ ਉਨ੍ਹਾਂ ਦੀ ਯੋਗ ਅਗਵਾਈ ਸਦਕਾ ਹੀ ਉਹ ਗ਼ਜ਼ਲ ਦੇ ਖੇਤਰ ਵਿਚ ਕੁਝ ਕਰਨ ਦੇ ਯੋਗ ਹੋਏ ਹਨ। ਉਨ੍ਹਾਂ ਮੰਚ ਦੇ ਅਹੁਦੇਦਾਰਾਂ ਅਤੇ ਸਮੂਹ ਮੈਂਬਰਾਂ ਨੂੰ ਮੁਬਾਰਕਬਾਦ ਦਿੱਤੀ ਕਿ ਉਹ ਉਸ ਮਹਾਨ ਤੇ ਫੱਕਰ ਸ਼ਾਇਰ, ਦਰਵੇਸ਼ ਇਨਸਾਨ ਨੂੰ ਜਿਉਂਦਾ ਰੱਖ ਰਹੇ ਹਨ। ਉਨ੍ਹਾਂ ਜੈਤੋਈ ਸਾਹਿਬ ਦੇ ਨਾਂ ਤੇ ਹਰ ਸਾਲ ਇਕ ਪੰਜਾਬੀ ਸ਼ਾਇਰ ਨੂੰ ਐਵਾਰਡ ਦੇਣ ਦਾ ਸੁਝਾਅ ਦਿੰਦਿਆਂ ਕਿਹਾ ਕਿ ਉਹ ਆਪਣੇ ਵੱਲੋਂ ਇਸ ਐਵਾਰਡ ਲਈ 5100 ਰੁਪਏ ਦਾ ਯੋਗਦਾਨ



ਪਾਇਆ ਕਰਨਗੇ। ਉਨ੍ਹਾਂ ਆਪਣੀ ਕੈਨੇਡਾ ਵਿਚਲੀ ਜ਼ਿੰਦਗੀ ਬਾਰੇ ਦੱਸਿਆ ਅਤੇ ਉਥੋਂ ਦੇ ਸਾਹਿਤਕ ਅਤੇ ਪੱਤਰਕਾਰੀ ਖੇਤਰ ਬਾਰੇ ਵੀ ਚਰਚਾ ਕੀਤੀ। ਉਨ੍ਹਾਂ ਆਪਣੀਆਂ ਕੁਝ ਗ਼ਜ਼ਲਾਂ ਸਾਂਝੀਆਂ ਕੀਤੀਆਂ ਅਤੇ ਮੰਚ ਵੱਲੋਂ ਮਾਣ ਸਨਮਾਨ ਦੇਣ ਲਈ ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ। ਪ੍ਰੋ: ਤਰਸੇਮ ਨਰੂਲਾ ਨੇ ਹਰਦਮ ਸਿੰਘ ਮਾਨ ਦੀ ਸੰਘਰਸ਼ਮਈ ਅਤੇ ਸਫਲ ਜ਼ਿੰਦਗੀ ਬਾਰੇ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਤਿੰਨ ਦਹਾਕੇ ਜੈਤੋ ਵਿਖੇ ਕਰਵਾਏ ਜਾਣ ਵਾਲੇ ਸਾਹਿਤਕ ਅਤੇ ਸੱਭਿਆਚਾਰ ਪ੍ਰੋਗਰਾਮਾਂ ਵਿਚ ਹਰਦਮ ਸਿੰਘ ਮਾਨ ਮੁੱਖ ਧੁਰਾ ਹੁੰਦੇ ਸਨ ਅਤੇ ਇਨ੍ਹਾਂ ਦੇ ਕੈਨੇਡਾ ਚਲੇ ਜਾਣ ਨਾਲ ਅਜਿਹੀਆਂ ਸਰਗਰਮੀਆਂ ਬਹੁਤ ਘਟ ਗਈਆਂ ਹਨ। ਇਸ ਮੌਕੇ ਮੰਚ ਵੱਲੋਂ ਹਰਦਮ ਸਿੰਘ ਮਾਨ ਦਾ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਨੂੰ ਮੰਚ ਵੱਲੋਂ ਸੰਪਾਦਿਤ ਪੁਸਤਕ "ਦੀਪਕ ਤੋਂ ਬਾਅਦ" ਭੇਟ ਕੀਤੀ ਗਈ। ਹਰਦਮ ਸਿੰਘ ਮਾਨ ਨੇ ਆਪਣੀਆਂ ਦੋ ਪੁਸਤਕਾਂ ਮੰਚ ਲਈ ਦਿੱਤੀਆਂ ਅਤੇ ਪ੍ਰੋ। ਤਰਸੇਮ ਨਰੂਲਾ ਨੇ ਆਪਣੀਆਂ ਦੋ ਨਵੀਆਂ ਪੁਸਤਕਾਂ ਹਰਦਮ ਸਿੰਘ ਮਾਨ ਨੂੰ ਦਿੱਤੀਆਂ। ਅਖੀਰ ਵਿਚ ਚੱਲੇ ਕਾਵਿਕ ਦੌਰ ਵਿਚ ਹਰਭਗਵਾਨ ਕਰੀਰਵਾਲੀ, ਨੈਣਪਾਲ ਸਿੰਘ ਮਾਨ, ਮਲਕੀਤ ਕਿੱਟੀ, ਹਰਨੇਕ ਰੁਪਾਣਾ, ਗੁਰਵਿੰਦਰ ਦਬੜ੍ਹੀਖਾਨਾ, ਧਰਮ ਪਰਵਾਨਾਂ, ਮਨਜਿੰਦਰ ਗੋਹਲੀ, ਈਸ਼ਰ ਸਿੰਘ ਲੰਭਵਾਲੀ, ਹਰਮੇਲ ਪਰੀਤ, ਗੁਰਦੀਪ ਸ਼ਰਮਾ, ਗੁਰਨਾਮ ਗੋਂਦਾਰਾ, ਗੁਰਵਿੰਦਰ ਸਰਾਵਾਂ, ਸ਼ਿਵਨਾਥ ਦਰਦੀ, ਦੌਲਤ ਸਿੰਘ ਅਨਪੜ੍ਹ, ਤਰਸੇਮ ਨਰੂਲਾ, ਤਿਰਲੋਕ ਵਰਮਾ,ਮਾਸਟਰ ਦਰਸ਼ਨ ਸਿੰਘ ਬਰਾੜ, ਜਨਕ ਲਹਿਰੀ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਿੰਦਰ ਮਹੇਸ਼ਵਰੀ, ਸੁਰਿੰਦਰਪਾਲ ਸ਼ਰਮਾ ਵੀ ਹਾਜ਼ਰ ਸਨ। ਅੰਤ ਵਿਚ ਤ੍ਰਿਲੋਕ ਵਰਮਾ ਨੇ ਹਰਦਮ ਸਿੰਘ ਮਾਨ ਦੀ ਗ਼ਜ਼ਲ "ਦਰਦ ਵਧਦਾ ਜਾ ਰਿਹਾ ਹੈ ਪਰ ਦਵਾ ਕੋਈ ਨਹੀਂ।।' ਆਪਣੀ ਸੁਰੀਲੀ ਅਤੇ ਪੁਖਤਾ ਆਵਾਜ਼ ਵਿਚ ਪੇਸ਼ ਕਰ ਕੇ ਸਭਨਾਂ ਦਾ ਧੰਨਵਾਦ ਕੀਤਾ।

## ਧਰਮਿੰਦਰ ਨੇ ਇੱਕ ਵਾਰੀ ਫਿਰ ਕਿਸਾਨਾਂ ਨਾਲ ਪ੍ਰਗਟਵਾਈ ਹਮਦਰਦੀ



ਮੁੰਬਈ-ਹਿੰਦੀ ਸਿਨੇਮਾ ਦੇ ਮਸ਼ਹੂਰ ਐਕਟਰ ਧਰਮਿੰਦਰ ਨੇ ਕਿਸਾਨੀ ਅੰਦੋਲਨ ਬਾਰੇ ਇੱਕ ਵਾਰ ਫਿਰ ਆਪਣੇ ਮਨ ਦੀ ਗੱਲ ਕਹਿਣ ਦਾ ਪ੍ਰਭਾਵ ਦਿੱਤਾ ਹੈ। ਸੋਸ਼ਲ ਮੀਡੀਆ ਉੱਤੇ ਸਭ ਤੋਂ ਐਕਟਿਵ ਕਲਾਕਾਰਾਂ ਵਿੱਚੋਂ ਗਿਣੇ ਜਾਂਦੇ ਧਰਮਿੰਦਰ ਨੇ ਕਿਸਾਨ ਅੰਦੋਲਨ ਨੂੰ ਆਪਣਾ ਹੁੰਗਾਰਾ ਦੇਂਦਿਆਂ ਕਿਹਾ ਕਿ ਉਨ੍ਹਾਂ ਨੇ ਕਿਸਾਨਾਂ ਦੇ ਮੁੱਦੇ ਉੱਤੇ ਕੇਂਦਰ ਸਰਕਾਰ ਨਾਲ ਗੱਲ ਕੀਤੀ ਸੀ, ਪਰ ਕੋਈ ਸਿੱਟਾ ਨਹੀਂ ਨਿਕਲਿਆ। ਅਸਲ ਵਿੱਚ ਧਰਮਿੰਦਰ ਨੂੰ ਪਿੱਛੇ ਜਿਹੇ ਉਸ ਦੇ ਇੱਕ ਫ਼ੈਨ ਨੇ ਇੱਕ ਵਿਸ਼ੇਸ਼ ਵੀਡੀਓ ਭੇਜਿਆ ਸੀ, ਜਿਸ ਵਿੱਚ ਧਰਮਿੰਦਰ ਦੇ ਹਿੰਦੀ ਸਿਨੇਮਾ ਵਿੱਚ ਵੱਖਰੇ ਕਿਰਦਾਰ ਤੇ ਰੰਗ ਦਿਖਾਈ ਦੇ ਰਹੇ ਹਨ। ਇਸ ਵੀਡੀਓ ਨੂੰ ਉਨ੍ਹਾਂ ਨੇ ਆਪਣੇ ਟਵਿੱਟਰ ਅਕਾਊਂਟ ਉੱਤੇ ਸ਼ੇਅਰ ਕੀਤਾ ਅਤੇ ਆਪਣੇ ਫੈਨਸ ਦੇ ਲਈ ਇਕ ਵਿਸ਼ੇਸ਼ ਸੰਦੇਸ਼ ਲਿਖਦੇ ਹੋਏ ਉਕਤ ਗੱਲ ਕਹੀ ਹੈ। ਆਪਣੇ ਨਾਲ ਹੋਏ ਵਿਹਾਰ ਬਾਰੇ ਧਰਮਿੰਦਰ ਨੇ ਆਪਣੇ ਟਵੀਟ ਵਿੱਚ ਲਿਖਿਆ ਕਿ 'ਮੈਂ ਇਸ ਦਾ ਹੱਕਦਾਰ ਨਹੀਂ ਹਾਂ, ਤੁਹਾਡੇ ਸਭ ਦੀ ਮਾਸੂਮੀਅਤ ਹੈ। ਮੈਂ ਹੱਸਦਾ ਹਾਂ, ਪਰ ਮੈਂ ਉਦਾਸ ਰਹਿੰਦਾ ਹਾਂ। ਇਸ ਉਮਰ ਵਿੱਚ ਕਰਕੇ ਬੇਦਖਲ, ਮੈਨੂੰ ਮੇਰੀ ਧਰਤੀ ਤੋਂ, ਦੇ ਦਿੱਤਾ ਸਦਮਾ ਮੈਨੂੰ ਮੇਰੇ ਆਪਣਿਆਂ ਨੇ। ਧਰਮਿੰਦਰ ਦਾ ਅੱਜ ਵਾਲਾ ਇਸ ਤਰ੍ਹਾਂ ਦਾ ਟਵੀਟ ਵੀ ਸੋਸ਼ਲ ਮੀਡੀਆ ਉੱਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ।

## ਰਾਡ ਮਾਰ ਕੇ ਪਤਨੀ ਦੀ ਹੱਤਿਆ ਕਰ ਦਿੱਤੀ

ਤਰਨ ਤਾਰਨ-ਥਾਣਾ ਸਰਾਏ ਅਮਾਨਤ ਖਾਂ ਦੇ ਪਿੰਡ ਚਾਹਲ ਵਿੱਚ ਇੱਕ ਵਿਅਕਤੀ ਵੱਲੋਂ ਬੀਤੀ ਦੇਰ ਰਾਤ ਆਪਣੀ ਪਤਨੀ ਦੀ ਲੋਹੇ ਦੀ ਰਾਡ ਮਾਰ ਕੇ ਹੱਤਿਆ ਕਰ ਦੇਣ ਦੀ ਖ਼ਬਰ ਹੈ। ਮ੍ਰਿਤਕ ਦੇ ਲੜਕੇ ਕਰਨਬੀਰ ਸਿੰਘ 19 ਸਾਲ ਨੇ ਦੱਸਿਆ ਕਿ ਉਹ ਪੱਟੀ ਵਿਖੇ ਫ਼ੌਜ ਦੀ ਭਰਤੀ ਲਈ ਸਿਖਲਾਈ ਪ੍ਰਾਪਤ ਕਰਨ ਲਈ ਗਿਆ ਹੋਇਆ ਸੀ ਅਤੇ ਛੋਟਾ ਭਰਾ ਯੋਧਬੀਰ ਸਿੰਘ (15 ਸਾਲ) ਸਰੀਰਕ ਤੌਰ ਉੱਤੇ ਅਪਾਹਜ ਹੈ ਉਸ ਨੇ ਫ਼ੋਨ ਕਰ ਕੇ ਦੱਸਿਆ ਕਿ ਦੇਰ ਰਾਤ ਪਿਤਾ ਮੇਜਰ ਸਿੰਘ ਦਾ ਮਾਤਾ ਗੁਰਪ੍ਰੀਤ ਕੌਰ (ਉਮਰ 38 ਸਾਲ) ਨਾਲ ਕਿਸੇ ਗੱਲੋਂ ਝਗੜਾ ਹੋ ਗਿਆ ਤੇ ਪਿਤਾ ਨੇ ਪਹਿਲਾਂ ਉਸ ਨੂੰ ਕੱਪੜੇ ਨਾਲ ਫਾਹਾ ਦਿੱਤਾ ਤੇ ਉਸ ਤੋਂ ਬਾਅਦ ਲੋਹੇ ਦੀ ਰਾਡ ਮਾਰ ਕੇ ਹੱਤਿਆ ਕਰਨ ਤੋਂ ਬਾਅਦ ਯੁਧਬੀਰ ਨੂੰ ਨਾਲ ਲੈ ਕੇ ਆਪਣੇ ਨਾਨਕੇ ਪਿੰਡ ਬੱਚੀਵਿੰਡ ਆ ਗਿਆ ਹੈ। ਉਸ ਤੋਂ ਬਾਅਦ ਮੈਂ (ਕਰਨਬੀਰ) ਨੇ ਆਪਣੀ ਚਾਚੀ ਰਾਜਵਿੰਦਰ ਕੌਰ ਪਤਨੀ ਰਣਜੀਤ ਸਿੰਘ ਨੂੰ ਫੋਨ ਕੀਤਾ ਤਾਂ ਜਦੋਂ ਉਨ੍ਹਾਂ ਨੇ ਘਰ ਆ ਕੇ ਦੇਖਿਆ ਤਾਂ ਸਾਰੇ ਦਰਵਾਜ਼ਿਆਂ ਦੇ ਜਿੰਦਰੇ ਮਾਰੇ ਹੋਏ ਸਨ। ਮੇਰੀ ਚਾਚੀ ਨੇ ਮੁਹਤਬਰ ਲੋਕਾਂ ਦੀ ਹਾਜ਼ਰੀ ਵਿੱਚ ਜਿੰਦਰੇ ਤੋੜੇ ਤਾਂ ਅੰਦਰ ਮੰਜੇ ਉਪਰ ਗੁਰਪ੍ਰੀਤ ਕੌਰ ਦੀ ਲਾਸ਼ ਖ਼ੂਨ ਨਾਲ ਲਥਪਥ ਪਈ ਸੀ,ਜਿਸ 'ਤੇ ਥਾਣਾ ਸਰਾਏ ਅਮਾਨਤ ਖਾਂ ਨੂੰ ਸੂਚਿਤ ਕੀਤਾ ਗਿਆ ਥਾਣਾ ਮੁਖੀ ਇੰਸਪੈਕਟਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਮਾਮਲਾ ਦਰਜ ਕਰ ਕੇ ਦੋਸ਼ੀ ਨੂੰ ਕਾਬੂ ਕਰਨ ਲਈ ਪੁਲਸ ਪਾਰਟੀਆਂ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।

Injured in an accident?
ICBC claim?
We can help.

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.
604-449-7500

RANDHAWA MINHAS LLP
PERSONAL INJURY LAWYERS
T 604-449-7500 F 604-449-7501
msr@randhawalaw.ca www.randhawalaw.ca
205-7134 King George Boulevard, Surrey, BC V3W 5A3

We Can Help You Sell Your House!
Satvir Cheema
604-240-9148

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਰਿਅਲ ਅਸਟੇਟ | REAL ESTATE
www.punjablinkpaper.com 604-503-5465

For All Your Real Estate Needs
Amrik Cheema
*PREC
604-369-7000
CENTURY 21 Coastal Realty Ltd.

#105-7928 128th St., Surrey, BC, V3W 4E8
info@amrikcheema.com

## ਮਹਾਂਮਾਰੀ ਦੌਰਾਨ ਇਮੀਗ੍ਰੇਸ਼ਨ ਨੂੰ ਉਤਸ਼ਾਹਿਤ ਕਰਨ 'ਤੇ ਅਰਥ ਸ਼ਾਸਤਰੀ ਚੁੱਕ ਰਹੇ ਨੇ ਸਵਾਲ



ਓਟਵਾ-ਕੈਨੇਡੀਅਨ ਅਰਥ ਸ਼ਾਸਤਰੀ ਸਵਾਲ ਕਰ ਰਹੇ ਹਨ ਕਿ ਮਹਾਂਮਾਰੀ ਨਾਲ ਪੈਦਾ ਹੋਈ ਬੇਮਿਸਾਲ ਬੇਰੋਜ਼ਗਾਰੀ ਦਰਮਿਆਨ ਫੈਡਰਲ ਸਰਕਾਰ ਰਿਕਾਰਡ ਪ੍ਰਵਾਸ (ਇਮੀਗ੍ਰੇਸ਼ਨ) ਦਾ ਨਿਸ਼ਾਨਾ ਕਿਉਂ ਮਿਥ ਰਹੀ ਹੈ। ਅਰਥ ਸ਼ਾਸਤਰੀਆਂ ਨੇ ਪੁੱਛਿਆ ਕਿ ਜਦੋਂ 17 ਲੱਖ ਤੋਂ ਵੀ ਵੱਧ ਕੈਨੇਡੀਅਨ ਕੰਮ ਦੀ ਭਾਲ ਵਿਚ ਫਿਰ ਰਹੇ ਹਨ ਤਾਂ ਓਟਵਾ ਨੇ 2021 ਲਈ ਚਾਰ ਲੱਖ ਤੋਂ ਜ਼ਿਆਦਾ ਨਵੇਂ ਪ੍ਰਵਾਸੀਆਂ ਦਾ ਨਿਸ਼ਾਨਾ ਕਿਉਂ ਤਹਿ ਕੀਤਾ ਹੈ। ਇਸ ਨਾਲ ਘੱਟ ਹੁਨਰਮੰਦ ਕਾਮਿਆਂ ਖਾਸਕਰ ਜਿਹੜੇ ਹਾਲ ਹੀ ਵਿਚ ਸਥਾਈ ਨਾਗਰਿਕ ਬਣੇ ਹਨ ਪ੍ਰਭਾਵਤ ਹੋਣ ਦੀ ਸੰਭਾਵਨਾ ਹੈ। ਯੂਨੀਵਰਸਿਟੀ ਆਫ ਵਾਟਰਲੂ ਦੇ ਅਰਥ ਸ਼ਾਸਤਰੀ ਮਿਕਲ ਸਕੂਟਰੁਡ ਜਿਹੜੇ ਕੈਨੇਡੀਅਨ ਇਮੀਗ੍ਰੇਸ਼ਨ ਤੇ ਲੇਬਰ ਮਾਰਕੀਟ ਦੇ ਮਾਹਿਰ ਹਨ ਨੇ ਕਿਹਾ ਕਿ ਇਸ ਵਿਚ ਕੁਝ ਵੀ ਠੀਕ ਨਹੀਂ ਲਗਦਾ। ਸਕੂਟਰੁਡ ਜਿਹੜੇ ਖੁਦ ਇਮੀਗ੍ਰਾਂਟਸ ਹਨ ਨੇ ਹੈਰਾਨੀ ਜ਼ਾਹਿਰ ਕੀਤੀ ਕਿ ਲਿਬਰਲਸ ਨੇ ਇਸ ਮਹੀਨੇ ਉਨ੍ਹਾਂ ਵਿਅਕਤੀਆਂ ਲਈ ਮੁਹਾਰਤ ਦੇ ਮਿਆਰਾਂ ਨੂੰ ਕਾਫੀ ਘਟਾ ਦਿੱਤਾ ਜਿਹੜੇ ਦੇਸ਼ ਦੇ ਆਰਥਿਕ ਕਲਾਸ ਐਕਸਪ੍ਰੈਸ ਐਂਟਰੀ ਪ੍ਰੋਗਰਾਮ ਰਾਹੀਂ ਕੈਨੇਡੀਅਨ ਨਾਗਰਿਕ ਬਣਨਾ ਚਾਹੁੰਦੇ ਹਨ।

# ਬੀ.ਸੀ. ਰੀਅਲ ਅਸਟੇਟ-ਹਾਊਸਿੰਗ ਮਾਰਕੀਟ ਵਿਚ ਅਣਕਿਆਸੀ ਤੇਜ਼ੀ




ਵਿਕਟੋਰੀਆ-ਜਦੋਂ ਕੋਵਿਡ-19 ਰੀਅਲ ਅਸਟੇਟ ਵਿਚ ਤੇਜ਼ੀ ਆਈ ਤਾਂ ਈਸਟ ਵੈਨਕੂਵਰ ਤੇ ਨੌਰਥ ਵੈਨਕੂਵਰ ਦੇ ਹਿੱਸਿਆਂ ਵਿਚ 1.5 ਮਿਲੀਅਨ ਡਾਲਰ ਤੋਂ 2 ਮਿਲੀਅਨ ਡਾਲਰ ਡੀਟੈਚ ਘਰਾਂ ਲਈ ਬਹੁਤ ਸਾਰੀਆਂ ਪੇਸ਼ਕਸ਼ਾਂ ਅਤੇ ਮੰਗੀ ਕੀਮਤ ਤੋਂ ਜ਼ਿਆਦਾ ਕੀਮਤਾਂ ਅਤੇ ਫਰੇਜ਼ਰ ਵੈਲੀ ਵਿਚ ਘਰਾਂ ਦੀਆਂ ਘੱਟ ਕੀਮਤਾਂ ਦੇਖਣ ਨੂੰ ਮਿਲੀਆਂ ਹਨ। ਹੁਣ ਇਨ੍ਹਾਂ ਦੇ ਘਰਾਂ ਦੇ ਹੋਰ ਮਹਿੰਗੇ ਹੋਣ ਵਾਲੇ ਜਾਣ ਦੇ ਸੰਕੇਤ ਹਨ। ਮੱਧ ਫਰਵਰੀ ਵਿਚ ਦੋ ਵਿਕਰੀਆਂ ਅੱਖਾਂ ਖੋਲ੍ਹਣ ਵਾਲੀਆਂ ਰਹੀਆਂ। ਇਕ ਘਰ ਦੀ ਮੰਗੀ ਕੀਮਤ ਤੋਂ 7 ਲੱਖ ਡਾਲਰ ਤੇ ਦੂਸਰੇ ਦੀ ਮੰਗੀ ਕੀਮਤ ਤੋਂ 1.6 ਮਿਲੀਅਨ ਡਾਲਰ ਜ਼ਿਆਦਾ ਰਹੀ। ਭਾਰੀ ਮੰਗ ਤੇ ਪਲਟੀਪਲ ਪੇਸ਼ਕਸ਼ਾਂ ਨਾਲ ਤੇਜ਼ੀ ਨਾਲ ਵਧ ਰਹੀ ਮਾਰਕੀਟ ਵੇਚਣ ਵਾਲਿਆਂ ਤੇ ਰੀਅਲ ਅਸਟੇਟ ਏਜੰਟਾਂ ਲਈ ਪ੍ਰਾਪਰਟੀ ਦੇ ਮਲਾਂਕਣ ਜਾਂ ਉਸੇ ਤਰ੍ਹਾਂ ਦੀ ਪ੍ਰਾਪਰਟੀ ਦੀ ਤਾਜ਼ਾ ਵਿਕਰੀਆਂ 'ਤੇ ਨਿਰਭਰਤਾ ਨਾਲ ਕੀਮਤ ਤਹਿ ਕਰਨਾ ਚੁਣੌਤੀ ਬਣ ਸਕਦੀਆਂ ਹਨ। ਇਸ ਨਾਲ ਮੰਗੀ ਕੀਮਤ ਨਾਲੋਂ ਵਿਕਰੀ ਕੀਮਤਾਂ ਹਜ਼ਾਰਾਂ ਡਾਲਰ ਵਧ ਸਕਦੀਆਂ ਹਨ।

Offering Services For All Your Business and Real Estate Needs
- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION

www.hughesco.com CEDRIC HUGHES
604.602.1828
HEAD OFFICE:
VANCOUVER
505-777 W. BROADWAY

SUNNY SANGHA • PERSONAL REAL ESTATE CORPORATION

15428 28 AVENUE

$1,199,000 Subdividable
Attention Investors & Builders... Collect rent now and develop later. The PLA has been approved by the city for the two RF10 lots each with 31ft frontage. The home is in good condition and currently rented for $2100/month with 10 months remaining on the lease. No Door Knocking. Call now for more information

#603 13308 CENTRAL AVE.

$549,000
Welcome to Evolve, Downtown's Surrey's newest building. Just one-year-old building located in the core of Surrey's downtown near all types of transport, shopping, restaurants, and universities. This two bedrooms two bathroom unit is located on the 6th floor facing northwest with a huge balcony. The property has been rented for $1600/ month to good tenants. Call today to book your private showing.


Sunny Sangha
604-356-5555
SUNNY SANGHA
Personal Real Estate Corporation
CENTURY 21 Coastal Realty Ltd.
MLS MEDALLION CLUB MEMBER
Ram Johal
604-356-5555

www.sunnysangha.com | info@sunnysangha.com

# ਹਮੇਸ਼ਾ ਬਦਸਲੂਕੀ ਕਰਦੇ ਰਹਿਣ ਦੇ ਵਿਵਹਾਰ ਕਾਰਣ ਪੱਤਰਕਾਰੀ ਛੱਡੀ-ਬੋਰਿਸ ਜੌਹਨਸਨ

ਲੰਡਨ-ਬਰਤਾਨੀਆ ਦੇ ਪ੍ਰਧਾਨ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਨੇ ਪੱਤਰਕਾਰੀ ਇਸ ਲਈ ਛੱਡ ਦਿੱਤੀ ਕਿਉਂਕਿ ਉਸਨੂੰ ਲੱਗਦਾ ਸੀ ਕਿ ਅਖਬਾਰਾਂ ਦਾ ਲੋਕਾਂ ਨਾਲ ਹਮੇਸ਼ਾ ਬਦਸਲੂਕੀ ਵਾਲਾ ਵਿਵਹਾਰ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਰਾਜਨੀਤੀ ਲਈ ਪੱਤਰਕਾਰੀ ਤਾਂ ਛੱਡੀ ਕਿਉਂਕਿ ਉਸ ਨੇ ਆਪਣੀ ਅਸਲੀ ਪੇਸ਼ੇ ਵਿਚ ਖੁਦ ਨੂੰ ਦੇਖਿਆ ਕਿ ਉਹ ਪ੍ਰਿੰਟ ਵਿਚ ਲੋਕਾਂ ਨਾਲ ਬਦਸਲੂਕੀ ਕਰ ਰਿਹਾ ਹੈ। ਤਿੰਨ ਦਹਾਕੇ ਲੋਕਾਂ ਦੀਆਂ ਨਜ਼ਰਾਂ ਵਿਚ ਰਹਿਣ ਦੌਰਾਨ 56 ਸਾਲਾ ਜੌਹਨਸਨ ਨੇ ਪੱਤਰਕਾਰ ਅਤੇ ਇਕ ਸਿਆਸਤਦਾਨ ਵਜੋਂ ਕਈ ਵਾਰ ਲੜਾਕੇ ਬੋਲਾਂ ਅਤੇ ਲਿਖਣ ਦੀ ਸ਼ੈਲੀ ਦੇ ਰੰਗ ਪੇਸ਼ ਕੀਤੇ ਹਨ ਅਤੇ ਉਨ੍ਹਾਂ ਦੇ ਇਸ ਗੁਣ ਨੇ ਕਈ ਵਿਵਾਦਾਂ ਨੂੰ ਤੂਲ ਦਿੱਤਾ ਹੈ।



ਇਕ ਸਕੂਲ ਦੀ ਫੇਰੀ ਦੌਰਾਨ ਉਨ੍ਹਾਂ ਕਿਹਾ ਕਿ ਤੁਸੀਂ ਜਦੋਂ ਪੱਤਰਕਾਰ ਹੁੰਦੇ ਹੋ ਤਾਂ ਇਹ ਇਕ ਵਧੀਆ ਕੰਮ ਹੁੰਦਾ ਹੈ। ਇਹ ਵਧੀਆ ਪੇਸ਼ਾ ਹੈ। ਪਰ ਮੁਸ਼ਕਿਲ ਇਹ ਹੈ ਕਿ ਤੁਸੀਂ ਆਪਣੇ ਆਪ ਨੂੰ ਹਮੇਸ਼ਾ, ਕਈ ਵਾਰ ਲੋਕਾਂ ਨਾਲ ਬਦਸਲੂਕੀ ਕਰਦੇ, ਲੋਕਾਂ 'ਤੇ ਹਮਲੇ ਕਰਦਾ ਪਾਉਂਦੇ ਹੋ। ਵਿਰੋਧੀ ਧਿਰ ਲੇਬਰ ਪਾਰਟੀ ਨੇ ਕਿਹਾ ਕਿ ਜੌਹਨਸਨ ਨੂੰ ਪੱਤਰਕਾਰਾਂ ਤੋਂ ਮੁਆਫੀ ਮੰਗਣੀ ਚਾਹੀਦਾ ਹੈ। ਲੇਬਰ ਦੇ ਮੀਡੀਆ ਪਾਲਿਸੀ ਚੀਫ ਕਾਨੂੰਨਘਾੜੇ ਕਰਿਸ ਮੈਥਸਨ ਨੇ ਕਿਹਾ ਕਿ ਸਾਨੂੰ ਡੋਨਾਲਡ ਟਰੰਪ ਤੋਂ ਪਤਾ ਲਗਦਾ ਹੈ ਕਿ ਇਸ ਤਰ੍ਹਾਂ ਦੇ ਸੁਤੰਤਰ ਪ੍ਰੈਸ 'ਤੇ ਹਮਲੇ ਖਤਰਨਾਕ ਹਨ ਅਤੇ ਇਹ ਬੇਭਰੋਸਗੀ ਤੇ ਵੰਡ ਨੂੰ ਉਕਸਾਉਣ ਲਈ ਤਿਆਰ ਕੀਤੇ ਜਾਂਦੇ ਹਨ।

# ਸਰੀ ਕੌਂਸਲ ਵਲੋਂ ਡਾਊਨਟਾਊਨ ਵਿਚ ਪੰਜ ਹੋਰ ਉੱਚੇ ਟਾਵਰਾਂ ਨੂੰ ਪ੍ਰਵਾਨਗੀ

ਵੈਨਕੂਵਰ-ਸਰੀ ਸਿਟੀ ਕੌਂਸਲ ਨੇ ਸ਼ਹਿਰ ਦੇ ਡਾਊਨਟਾਊਨ ਵਿਚ ਪੰਜ ਉੱਚੇ ਟਾਵਰਾਂ ਵਾਲੀਆਂ ਵੱਡੀਆਂ ਇਮਾਰਤਾਂ ਦੀ ਉਸਾਰੀ ਨੂੰ ਸੋਮਵਾਰ ਰਾਤ ਪ੍ਰਵਾਨਗੀ ਦੇ ਦਿੱਤੀ ਹੈ। ਪਹਿਲੀ ਇਮਾਰਤ 10240 ਸਿਟੀ ਪਾਰਕਵੇ ਵਿਖੇ ਉਸਾਰੀ ਜਾਵੇਗੀ ਜਿਸ ਵਿਚ ਉਚੇ ਟਾਵਰ ਦੇ ਨਾਲ 215 ਰਿਹਾਇਸ਼ੀ ਰੈਂਟਲ ਇਕਾਈਆਂ, 168 ਰਿਹਾਇਸ਼ੀ ਮਾਰਕੀਟ ਇਕਾਈਆਂ ਤੇ 8615 ਵਰਗ ਮੀਟਰ ਦੀ ਵਪਾਰਕ, ਦਫ਼ਤਰ ਤੇ ਸੰਸਥਾਗਤ ਥਾਂ ਹੋਵੇਗੀ। ਇਸ ਪ੍ਰਾਜੈਕਟ ਦੀ ਮਾਲਕ ਜੀਈਸੀ ਐਜੂਕੇਸਨ ਮੇਗਾ ਸੈਂਟਰ ਇਕ ਹੈ। ਕੌਂਸਲਰ ਬਰੇਂਡਾ ਲੋਕ ਨੇ ਪੁੱਛਿਆ ਕਿ ਕੀ ਇਹ ਵਿਦਿਆਰਥੀ ਦੇ ਰਹਿਣ ਲਈ ਰਾਖਵੀਂ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਰੀ ਵਿਚ ਵਿਦਿਆਰਥੀਆਂ ਲਈ ਮਕਾਨਾਂ ਦੀ ਬਹੁਤ ਮੁਸ਼ਕਿਲ ਪੇਸ਼ ਆਉਂਦੀ ਹੈ। ਇਸੇ ਦੌਰਾਨ ਬਲਿਊਸਕਾਈ ਪ੍ਰਾਪਰਟੀਸ (ਬਰਾਈਟਸਾਈਡ) ਨੂੰ 104 ਐਵੀਨਿਊ 13583 ਵਿਖੇ, 105 ਐਵੀਨਿਊ 13550 ਤੇ 13526 ਤੇ 10460 ਸਿਟੀ ਪਾਰਕਵੇਅ ਵਿਖੇ ਚਾਰ ਉੱਚੀਆਂ ਤੇ ਦੋ ਨੀਵੀਆਂ ਇਮਾਰਤਾਂ ਦੇ ਵਿਕਾਸ ਲਈ ਮਨਜ਼ੂਰੀ ਦਿੱਤੀ ਗਈ।



JAS ARORA NOTARY CORPORATION
SINCE 1926
ਅਸੀਂ ਲਾਈਫ ਸਰਟੀਫਿਕੇਟ ਮੁਫਤ ਵਿੱਚ ਨੋਟਰਾਇਜ਼ ਕਰਦੇ ਹਾਂ।
ਅਸੀਂ ਬਹੁਤ ਹੀ ਵਾਜ਼ਬ ਰੇਟਾਂ 'ਤੇ ਨੋਟਰੀ ਦੀਆਂ ਸਾਰੀਆਂ ਸੇਵਾਵਾਂ ਦਿੰਦੇ ਹਾਂ
We also handle Wills, Powers of attorney, Representation agreements and Lease agreement
Sale, Purchase and Mortgage of Your Property
ਨੋਟਰੀ ਸੇਵਾਵਾਂ
✓ ਹਲਫ਼ਨਾਮੇ
✓ ਵਸੀਅਤਨਾਮਾ
✓ ਮੌਰਟਗੇਜ਼ ਦਸਤਾਵੇਜ਼
✓ ਪਾਵਰ ਆਫ ਅਟੌਰਨੀ
Notarizations
✓ Affidavits
✓ Invitation Letters
✓ Travel Consent Letters
✓ Statutory Declarations
✓ ਰੀਅਲ ਇਸਟੇਟ ਦੀ ਖ਼ਰੀਦ ਅਤੇ ਵੇਚ
✓ ਇਕਰਾਰਨਾਮਾ ਅਤੇ ਹੋਰ ਨੋਟਰੀ ਸੇਵਾਵਾਂ

Jaswant K. Arora
Notary Public, MA (ALS), MA (Eng.Punjabi)
Cell: 778-386-9189
Fax: 604-305-4564
#109A-12888 80 Avenue Surrey BC
Email : jas@jasaroranotary.com | Website : www.jasaroranotary.com

ਬੀ.ਸੀ. ਵਿੱਚ ਕੋਵਿਡ-19


ਮਹਾਂਮਾਰੀ ਸਾਡੇ ਸਾਰਿਆਂ ਲਈ ਇੱਕ ਲੰਬੇ ਰਸਤੇ ਵਾਂਗ ਹੈ। ਅਤੇ ਜਦੋਂ ਅਸੀਂ ਥੱਕ ਜਾਂਦੇ ਹਾਂ, ਤਾਂ ਸਾਵਧਾਨੀ ਵਰਤਣੀ ਛੱਡ ਦੇਣਾ ਅਸਾਨ ਹੁੰਦਾ ਹੈ। ਪਰ ਅਸੀਂ ਹੁਣ ਨਹੀਂ ਰੁਕ ਸਕਦੇ। ਪਤਝੜ 2021 ਤੱਕ ਬੀ.ਸੀ. ਵਿੱਚ ਹਰ ਇੱਕ ਕੋਲ COVID-19 ਟੀਕਾ ਲਗਵਾਉਣ ਦਾ ਵਿਕਲਪ ਹੋਵੇਗਾ। ਆਓ ਆਪਣਾ ਇਰਾਦਾ ਪੱਕਾ ਰੱਖੀਏ, ਇਕੱਠਾਂ ਨੂੰ "ਨਾ" ਕਹੋ, ਲੋਕਲ ਰਹੋ ਅਤੇ ਜਦ ਤੱਕ ਮਹਾਂਮਾਰੀ ਖਤਮ ਨਹੀਂ ਹੋ ਜਾਂਦੀ, ਇੱਕ ਦੂਜੇ ਨੂੰ ਸੁਰੱਖਿਅਤ ਰਹਿਣ ਵਿੱਚ ਸਹਾਇਤਾ ਕਰੋ। ਆਪਣਾ ਹਿੱਸਾ ਪਾਉਣ ਲਈ ਤੁਹਾਡਾ ਧੰਨਵਾਦ।
BRITISH COLUMBIA
ਹੋਰ ਜਾਣੋ:
gov.bc.ca/covid19
COVID-19 ਵੈਕਸੀਨ ਜਾਣਕਾਰੀ:
bccdc.ca/covid19vaccine

# RIGHT LINK LOGISTICS LTD.

## WE ARE NOW HIRING DRIVERS AND OWNER OPERATORS FOR OUR DRY VAN LANES INTO USA.




## COMPANY DRIVERS AND OWNER OPERATORS

# TEAM OR SOLO

**U.S.A Routes: BC to CA, AZ, TX**
**BC to WA / WA to BC or AB**
**Canada Routes: BC / AB Canada Wide**
**Paid Picks and Drops**
**Extended Medical Benefits and Travel Insurance**
**Yard to Yard Work**
**Brand New Trucks & Trailers**

Right-Link Logistics Ltd

**Call: +1-604-857-4777 / 778-344-1964**
**Email: team@rightlink.ca**

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

**Link!**
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*
***Remote Location? No Problem. We will come to you !***



# ਮਹਿਰਾਜ ਪਿੰਡ ਵਿਚ ਲੱਖਾ ਸਿਧਾਨਾ ਵੱਲੋਂ ਜ਼ੋਰਦਾਰ ਰੈਲੀ

ਮਹਿਰਾਜ-ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਅਤੇ ਦਿੱਲੀ ਪੁਲਿਸ ਵਲੋਂ ਗ੍ਰਿਫਤਾਰ ਕੀਤੇ ਗਏ ਨੌਜਵਾਨਾਂ ਨੂੰ ਰਿਹਾਅ ਕਰਵਾਉਣ ਲਈ ਅੱਜ ਮਹਿਰਾਜ ਵਿਖੇ ਰੱਖੀ ਗਈ ਰੈਲੀ ਵਿੱਚ ਨੌਜਵਾਨ ਆਗੂ ਲੱਖਾ ਸਿਧਾਣਾ ਦਿੱਲੀ ਪੁਲਸ ਵੱਲੋਂ ਗ੍ਰਿਫਤਾਰੀ ਦੇ ਸ਼ੱਕ ਦੇ ਬਾਵਜੂਦ ਪਹੁੰਚ ਗਿਆ। ਰੈਲੀ ਵਿੱਚ ਲੱਖਾ ਸਿਧਾਣਾ ਨੇ ਸਟੇਜ ਤੋਂ ਕਿਹਾ ਕਿ ਉਹ ਸ਼ਾਮ ਤਕ ਇੱਥੇ ਰਹੇਗਾ ਤੇ ਆਪਣੇ ਸਾਰੇ ਸਮਰਥਕਾਂ ਨੂੰ ਮਿਲਣ ਪਿੱਛੋਂ ਜਾਵੇਗਾ, ਪਰ ਰੈਲੀ ਨੂੰ ਸੰਬੋਧਨ ਕਰਨ ਦੇ ਬਾਅਦ ਉਹ ਮੋਟਰਸਾਈਕਲ ਉੱਤੇ ਚੜ੍ਹ ਕੇ ਗਾਇਬ ਹੋ ਗਿਆ। ਆਪਣੇ ਭਾਸ਼ਣ ਵਿੱਚ ਉਸ ਨੇ ਲੋਕਾਂ ਨੂੰ ਸਬਰ ਅਤੇ ਅਮਨ-ਸ਼ਾਂਤੀ ਬਣਾਈ ਰੱਖਣ ਲਈ ਕਿਹਾ। ਲੱਖਾ ਸਿਧਾਣਾ ਨੇ ਸਟੇਜ ਤੋਂ ਬੋਲਦਿਆਂ ਕਿਹਾ ਕਿ ਉਸ ਦੀਆਂ ਰਗਾਂ ਵਿੱਚ ਵਗਦਾ ਖ਼ੂਨ ਪੰਜਾਬ ਲਈ ਹੈ ਅਤੇ ਜੇ ਡੁੱਲ੍ਹੇਗਾ ਤਾਂ ਉਹ ਪੰਜਾਬ ਦੇ ਲੋਕਾਂ ਲਈ ਡੁੱਲ੍ਹੇਗਾ।ਉਸ ਨੇ ਕਿਹਾ ਕਿ ਕੇਂਦਰ ਦੀ ਸਰਕਾਰ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਕੇ ਅੰਦੋਲਨ ਖ਼ਤਮ ਕਰਨਾ ਚਾਹੁੰਦੀ ਹੈ, ਪਰ ਪੰਜਾਬ ਦੇ ਲੋਕ ਇਸ ਤਰ੍ਹਾਂ ਨਹੀਂ ਹੋਣ ਦੇਣਗੇ। ਉਸ ਨੇ ਕਿਹਾ ਕਿ ਇਹ ਪੰਜਾਬ ਦੀਆਂ ਫ਼ਸਲਾਂ ਦੀ ਲੜਾਈ ਨਹੀਂ, ਨਸਲਾਂ ਅਤੇ ਹੋਂਦ ਦੀ ਲੜਾਈ ਹੈ, ਜਿਹੜੀਆਂ ਕੌਮਾਂ ਆਪਣੇ ਹੱਕਾਂ ਲਈ ਲੜਨਾ ਛੱਡ ਦੇਣ, ਉਨ੍ਹਾਂ ਦੀ ਹੋਂਦ ਖ਼ਤਮ ਹੋ ਜਾਂਦੀ ਹੈ। ਉਸ ਨੇ ਕਿਹਾ ਕਿ ਦਿੱਲੀ ਪੁਲਿਸ ਜਿੰਨੇ ਮਰਜ਼ੀ ਕੇਸ ਬਣਾਵੇ, ਪੰਜਾਬ ਦੇ ਲੋਕ ਤਿੰਨ ਕਾਨੂੰਨ ਰੱਦਹੋਣ ਤੋਂ ਬਿਨਾਂ ਪਿੱਛੇ ਨਹੀਂ ਹਟਣਗੇ। ਉਸ ਨੇ ਕਿਹਾ ਕਿ ਦਿੱਲੀ ਪੁਲਿਸ ਦੀਪ ਸਿੱਧੂ ਦਾ ਰਿਮਾਂਡ ਲੈ ਕੇ ਤਸ਼ੱਦਦ ਕਰ ਰਹੀ ਹੈ। ਲੱਖੇ ਨੇ ਕਿਹਾ ਕਿ ਭਾਵੇਂ ਕਿਸਾਨ ਆਗੂ ਰਾਜੇਵਾਲ ਨੇ ਕਿਹਾ ਕਿ ਲੱਖੇ ਬਾਰੇ ਸਰਕਾਰ ਹੀ ਫ਼ੈਸਲਾ ਲਵੇ, ਪਰ ਉਹ ਐਲਾਨ ਕਰਦੇ ਹਨ ਕਿ ਜੇਦਿੱਲੀ ਪੁਲਿਸ ਕਿਸੇ ਕਿਸਾਨ ਆਗੂ ਨੂੰ ਗ੍ਰਿਫ਼ਤਾਰ ਕਰੇਗੀ ਤਾਂ ਉਹ ਉਸ ਨਾਲ ਚੱਟਾਨ ਵਾਂਗ ਖੜ੍ਹਣਗੇ। ਉਸ ਨੇ ਕਿਹਾ ਕਿ ਜੇਦਿੱਲੀ ਪੁਲੀਸ ਪੰਜਾਬ ਵਿੱਚ ਕਿਸੇ ਨੌਜਵਾਨ ਦੀ ਗ੍ਰਿਫਤਾਰੀ ਲਈ ਆਵੇ ਤਾਂ ਲੋਕ ਇਕੱਠੇ ਹੋ ਕੇ ਉਸ ਦਾ ਘਿਰਾਓ ਕਰਨ ਅਤੇ ਜੇਦਿੱਲੀ ਪੁਲਿਸ ਕਿਸੇ ਨੌਜਵਾਨ ਜਾਂ ਕਿਸਾਨ ਨੂੰ ਗ੍ਰਿਫ਼ਤਾਰ ਕਰਕੇ ਲੈ ਜਾਂਦੀ ਹੈ ਤਾਂ ਇਸ ਦੀ ਜਿਲ਼ੰਮੇਵਾਰੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹੋਵੇਗੀ।

# ਸਮੂਹਿਕ ਖੁਦਕੁਸ਼ੀ ਕੇਸ 'ਚ ਕਾਂਗਰਸ ਵਿਧਾਇਕ ਰਾਜਾ ਵੜਿੰਗ ਉੱਤੇ ਉਂਗਲ ਉਠੀ

## 'ਮ੍ਰਿਤਕ ਦੀ ਪਤਨੀ ਨੇ ਬਿਆਨ ਦਰਜ ਕਰਵਾਏ

ਫਰੀਦਕੋਟ-ਇਸ ਸ਼ਹਿਰ ਦੇ ਨਰਾਇਣ ਨਗਰ ਵਿਚਬੀਤੀ 5 ਫ਼ਰਵਰੀ ਨੂੰਹੋਏ ਕਰਨ ਕਟਾਰੀਆ ਗੋਲੀਕਾਂਡ ਕੇਸ ਵਿਚ ਕਾਂਗਰਸ ਵਿਧਾਇਕ ਰਾਜਾ





ਵੜਿੰਗ ਵੱਲ ਉਂਗਲ ਉੱਠੀ ਹੈ। ਇਸ ਕਤਲ ਕੇਸ ਵਿੱਚ ਕਰਨ ਕਟਾਰੀਆ ਦੀ ਪਤਨੀ ਵੀ ਗੰਭੀਰ ਜ਼ਖਮੀ ਹੋਈ ਸੀ।ਕਈ ਦਿਨ ਨੀਮ ਬੇਹੋਸ਼ੀ ਦੀ ਹਾਲਤ ਵਿਚ ਰਹਿਣ ਪਿੱਛੋਂ ਹੋਸ਼ ਵਿੱਚ ਆਉਣ ਉੱਤੇ ਉਸ ਨੇ ਪੁਲਿਸ ਨੂੰ ਦਿੱਤੇ ਬਿਆਨ ਵਿਚ ਕਿਹਾ ਹੈ ਕਿ ਉਸਦਾ ਸਾਲ 2013 ਵਿਚ ਕਰਨ ਕਟਾਰੀਆ ਨਾਲ ਵਿਆਹ ਹੋਇਆ ਸੀ, ਜਿਸ ਤੋਂ ਉਸਦੇ ਦੋ ਬੱਚੇ ਇੱਕ ਲੜਕਾ ਅਤੇ ਇੱਕ ਲੜਕੀ ਹੋਏ ਸਨ। ਉਸ ਨੇ ਦੱਸਿਆ ਕਿ ਉਸਦਾ ਪਤੀ ਕਰਨ ਕਟਾਰੀਆ ਬਿਜਲੀ ਦੇ ਕੰਮਾਂ ਅਤੇ ਢੋਆ ਢੁਆਈ ਲਈ ਸਰਕਾਰੀ ਠੇਕੇਦਾਰੀ ਕਰਦਾ ਸੀ ਤੇ ਉਹ ਹੋਰ ਜ਼ਿਲਿਆਂ ਦੇ ਨਾਲ ਨਾਲ ਗਿੱਦੜਬਾਹਾ ਵਿਖੇ ਵੀ ਠੇਕੇਦਾਰੀ ਕਰਦਾ ਸੀ। ਗਿੱਦੜਬਾਹਾ ਵਿਖੇ ਠੇਕੇਦਾਰੀ ਕਰਨ ਵੇਲੇ ਉਸਦੇ ਪਤੀ ਦੀ ਜਾਣ-ਪਛਾਣ




ਗਿੱਦੜਬਾਹਾ ਦੇ ਵਿਧਾਇਕ ਰਾਜਾ ਵੜਿੰਗ ਤੇ ਉਸਦੇ ਸਾਲੇ ਡਿੰਪੀ ਵਿਨਾਇਕ ਨਾਲ ਹੋਈ ਸੀ, ਜਿਨ੍ਹਾਂ ਨੇ ਡਰਾ-ਧਮਕਾ ਕੇ ਉਸਦੇ ਪਤੀ ਦੇ ਕੰਮ ਵਿਚੋਂ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਤੇ ਫਿਰ ਲੱਖਾਂ ਰੁਪਏ ਉਸਦੇ ਪਤੀ ਤੋਂ ਲੈ ਲਏ। ਜਦੋਂ ਉਸਦਾ ਪਤੀ ਆਪਣੇ ਪੈਸੇ ਵਾਪਸ ਮੰਗਦਾ ਤਾਂ ਰਾਜਾ ਵੜਿੰਗ ਅਤੇ ਡਿੰਪੀ ਉਸ ਨੂੰ ਧਮਕੀਆਂ ਦਿੰਦੇ ਅਤੇ ਪਹਿਲਾਂ ਦਿੱਤੇ ਪੈਸੇ ਭੁੱਲ ਕੇ ਹੋਰ ਪੈਸੇ ਦੇਣ ਦਾ ਰਾਜਨੀਤਕ ਦਬਾਅ ਪਾਉਂਦੇ ਸਨ, ਜਿਸ ਤੋਂ ਤੰਗ ਆ ਕੇ ਉਸਦੇ ਪਤੀ ਨੇ 5 ਫ਼ਰਵਰੀ ਨੂੰ ਆਪਣੀ ਪਤਨੀ, ਬੱਚਿਆਂ ਅਤੇ ਆਪਣੇ ਆਪ ਨੂੰ ਗੋਲੀ ਮਾਰ ਲਈ ਸੀ। ਮ੍ਰਿਤਕ ਦੀ ਪਤਨੀ ਨੇ ਆਪਣੇ ਬਿਆਨਾਂ ਵਿਚ ਉਸ ਸਾਰੀ ਘਟਨਾ ਦੇ ਲਈ ਗਿੱਦੜਬਾਹਾ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਉਸਦੇ ਸਾਲੇ ਡਿੰਪੀ ਵਿਨਾਇਕ ਨੂੰ ਜ਼ਿੰਮੇਵਾਰ ਕਿਹਾ ਹੈ।

# ਦਿਸ਼ਾ ਰਵੀ ਦੀ ਜ਼ਮਾਨਤ ਮਨਜ਼ੂਰ-ਜੇਲ੍ਹ ਤੋਂ ਮਿਲੀ ਰਿਹਾਈ

## 'ਸ਼ਾਂਤਨੂੰ ਵੱਲੋਂ ਜ਼ਮਾਨਤ ਲਈ ਅਦਾਲਤ ਵਿੱਚ ਅਰਜ਼ੀ

ਨਵੀਂ ਦਿੱਲੀ-ਟੂਲਕਿੱਟਕੇਸ ਵਿੱਚ ਪੁੱਛ-ਗਿੱਛ ਲਈ ਦਿਸ਼ਾ ਰਵੀ ਨੂੰ ਸਾਈਬਰ ਸੈੱਲ ਦੇ ਦਫ਼ਤਰ ਲਿਆਂਦਾ ਗਿਆ, ਪਰ ਉਸ ਦਾ ਰਿਮਾਂਡ ਖ਼ਤਮ ਹੋਣ ਪਿੱਛੋਂ ਪਟਿਆਲਾ ਹਾਊਸ ਕੋਰਟ ਵਿੱਚਪੇਸ਼ ਕੀਤਾ ਗਿਆ, ਜਿੱਥੇ ਸੈਸ਼ਨ ਕੋਰਟ ਵਿੱਚ ਐਡੀਸ਼ਨਲ ਸੈਸ਼ਨ ਜੱਜ ਧਰਮਿੰਦਰ ਰਾਣਾ ਨੇ ਉਸ ਦੀ ਜ਼ਮਾਨਤ ਮਨਜ਼ੂਰ ਕਰ ਲਈ। ਇਸ ਦੇ ਬਾਅਦ ਉਸ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਹੈ। ਵਰਨਣ ਯੋਗ ਹੈ ਕਿ ਬਹੁ-ਚਰਚਿਤ ਟੂਲਕਿੱਟਕੇਸ ਵਿੱਚਅੱਜ ਦਿਸ਼ਾ ਰਵੀ ਨੂੰ ਸਾਈਬਰ ਸੈੱਲ ਦੇ ਦਫ਼ਤਰ ਵਿੱਚ ਪੁੱਛ-ਗਿੱਛ ਲਈ ਲਿਆਂਦਾ ਗਿਆ ਸੀ। ਇਸ ਪੁੱਛਗਿੱਛ ਵਿੱਚਸ਼ਾਂਤਨੂ ਮੁਲਕ ਨੂੰ ਵੀ ਸ਼ਾਮਲ ਕੀਤਾ ਜਾਣਾ ਸੀ। ਇਸ ਤੋਂ ਪਹਿਲਾਂ ਸੋਮਵਾਰ ਨੂੰ ਵੀ ਸਾਈਬਰ ਸੈੱਲ ਨੇ ਨਿਕਿਤਾ ਜੈਕਬ ਅਤੇ ਸ਼ਾਂਤਨੂ ਮੁਲਕ ਤੋਂ ਚਾਰ ਘੰਟੇ ਤਕ ਲਗਾਤਾਰ ਪੁੱਛਗਿੱਛ ਕੀਤੀ ਸੀ। ਇਨ੍ਹਾਂ ਦੋਵਾਂ ਨੂੰ ਨੋਟਿਸ ਦੇ ਕੇ ਸੋਮਵਾਰ ਸਵੇਰੇ 11 ਵਜੇ ਸੱਦਿਆ ਗਿਆ ਸੀ ਤੇ ਦੋਵੇਂ ਤੈਅ ਸਮੇਂ ਤੋਂ ਪਹਿਲਾਂ ਸਾਈਬਰ ਸੈੱਲ ਦੇ ਦਵਾਰਕਾ ਆਫਿਸ ਜਾ ਪਹੁੰਚੇ ਸਨ। ਸਾਈਬਰ ਸੈੱਲ ਦੇ ਡੀਸੀਪੀ ਅਨੇਸ਼ ਰਾਏਤੇਹੋਰ ਅਫਸਰਾਂ ਨੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਸੀ ਅਤੇ ਅੱਜ ਮੰਗਲਵਾਰ ਵੀ ਇਨ੍ਹਾਂ ਤੋਂ ਪੁੱਛਗਿੱਛ ਕੀਤੀ ਗਈ। ਟੂਲਕਿੱਟ ਅਜਿਹਾ ਇੰਟਰਨੈੱਟ ਦਸਤਾਵੇਜ਼ ਹੁੰਦਾ ਹੈ, ਜਿਸ ਵਿੱਚ ਕਿਸੇ ਮੁੱਦੇ ਦੀ ਜਾਣਕਾਰੀ ਦੇਣ ਅਤੇ ਉਸ ਨਾਲ ਜੁੜੇ ਕਦਮ ਚੁੱਕਣ ਲਈ ਸੁਝਾਅ ਦਿੱਤੇ ਹੁੰਦੇ ਹਨ। ਆਮਤੌਰ ਉੱਤੇ ਕਿਸੇ ਵੱਡੀ ਮੁਹਿੰਮ ਜਾਂ ਅੰਦੋਲਨ ਦੌਰਾਨ ਉਸ ਵਿੱਚਸ਼ਾਮਲ ਹੋਣ ਵਾਲੇ ਵਾਲੀਟੀਅਰਾਂ ਨੂੰ ਇਸ ਵਿੱਚ ਦਿਸ਼ਾ-ਨਿਰਦੇਸ਼ ਦਿੱਤੇ ਜਾਂਦੇ ਹਨ। ਟੂਲਕਿੱਟ ਦੀ ਪਹਿਲੀ ਵਾਰ ਵਰਤੋਂ ਅਮਰੀਕਾ ਵਿੱਚਇੱਕ ਗੈਰ-ਗੋਰੇ ਦੀ ਪੁਲਸ ਹੱਥੋਂ ਮੌਤ ਤੋਂ ਬਾਅਦ ਅੰਦੋਲਨ ਨੂੰ ਦਿਸ਼ਾ ਦੇਣ ਲਈ ਕੀਤੀ ਗਈ ਸੀ। ਉਸ ਤੋਂ ਬਾਅਦ ਇਹ ਭਾਰਤ ਦੇ ਕਿਸਾਨਾਂ ਦੇ ਅੰਦੋਲਨ ਵਿੱਚਚਰਚਾ ਵਿੱਚ ਆਇਆ ਹੈ। ਇਸ ਦੌਰਾਨ ਟੂਲਕਿੱਟ ਕੇਸ ਦੇ ਤੀਸਰੇ ਸ਼ੱਕੀ ਦੋਸ਼ੀ ਸ਼ਾਂਤਨੂ ਮੁਲਕ ਨੇ ਅੱਜ ਅਦਾਲਤ ਵਿਚ ਅਰਜ਼ੀ ਪੇਸ਼ ਕਰ ਕੇ ਅਗਾਊਂ ਜ਼ਮਾਨਤ ਦੀ ਮੰਗ ਕੀਤੀ ਹੈ, ਕਿਉਂਕਿ ਉਸ ਨੂੰ ਆਪਣੀ ਗ੍ਰਿਫਤਾਰੀ ਦਾ ਸ਼ੱਲਕ ਹੈ।





## ਪੀੜ ਕੋਰੋਨਾ ਦੀ



ਵਿਜੇ ਪਠਾਨਕੋਟਿਆ
(ਯੂ. ਐੱਸ. ਏ.)

ਸਾਨੂੰ ਕੋਰੋਨਾ ਨਾਲ ਲੜਨਾ ਪੈ ਰਿਹੈ
ਜੀ ਕਰੜਾ ਕਰਨਾ ਪੈ ਰਿਹੈ
ਕੀ ਲੋੜ ਏ ਸਾਨੂੰ ਧੁੱਪਾਂ ਦੀ
ਛਾਵਾਂ ਵਿਚ ਸੜਨਾ ਪੈ ਰਿਹੈ
ਅੱਜ ਮਨੁੱਖ ਮਨੁੱਖ ਤੋਂ ਡਰ ਰਿਹੈ
ਕਿਵੇਂ ਜਿਉਂਦੇ ਜੀ ਇਹ ਮਰ ਰਿਹੈ
ਵੇਖੋ ਆਪਣੇ ਹੀ ਪਰਿਵਾਰਾਂ ਤੋਂ
ਛੇ ਫੁੱਟ ਦੀ ਦੂਰੀ ਕਰ ਰਿਹੈ
ਕੀ ਸੋਚਿਆ ਸੀ ਕਦੇ ਬੰਦੇ ਨੇ
ਇਹ ਦਿਨ ਵੀ ਤੱਕਣੇ ਪੈਣਗੇ
ਇਹ ਸੋਹਣੇ ਸੋਹਣੇ ਚਿਹਰੇ ਵੀ
ਮਾਸਕ ਨਾਲ ਢਕਣੇ ਪੈਣਗੇ



ਓ ਦਰਦਮੰਦਾ ਦੇ ਦਰਦੀ ਵੇ
ਹੁਣ ਕੀ ਏ ਤੇਰੀ ਮਰਜ਼ੀ ਵੇ
ਤੂੰ ਦਸ ਖ਼ਤਮ ਕੱਦ ਹੋਵੇਗੀ
ਕੋਰੋਨਾ ਦੀ ਸਿਰਦਰਦੀ ਵੇ
ਤੇਰੇ ਹੁੰਦਿਆਂ ਸਾਨੂੰ ਸੂਰਜਾ ਵੇ
ਹਨੇਰੇ ਵਿਚ ਖੜਨਾ ਪੈ ਰਿਹੈ
ਕੀ ਪਤਾ ਕਦੋਂ ਫੁੱਲ ਹੱਥ ਲੱਗਣ
ਸੂਲਾਂ ਨੂੰ ਫੜਨਾ ਪੈ ਰਿਹੈ
ਤੇਰੇ ਘਰ ਵਿਚ ਦੇਰ ਅੰਧੇਰ ਨਹੀਂ
ਕੋਈ ਹੱਲ ਕੱਢਦੇ ਇਸ ਮਸਲੇ ਦਾ
ਕਿਉਂ ਦਰ ਤੇਰੇ ਦਾ ਕੁੰਡਾ ਨਿੱਤ
ਵਿਜੇ ਨੂੰ ਖੜਕਾਉਣਾ ਪੈ ਰਿਹੈ
ਵਿਜੇ ਨੂੰ ਖੜਕਾਉਣਾ ਪੈ ਰਿਹੈ
ਸਾਨੂੰ ਕਰੋਨਾ ਨਾਲ ਲੜਨਾ ਪੈ ਰਿਹੈ
ਜੀ ਕਰੜਾ ਕਰਨਾ ਪੈ ਰਿਹੈ

# ਵਿਦਿਆਰਥੀਆਂ ’ਤੇ ਜਿਣਸੀ ਹਮਲਿਆਂ ਦੇ ਦੋਸ਼ੀ ਕੈਲਗਰੀ ਦੇ ਸਾਬਕਾ ਅਧਿਆਪਕ ਦੀ ਬੀਸੀ ’ਚੋਂ ਲਾਸ਼ ਮਿਲੀ

ਵਿਕਟੋਰੀਆ-ਦੋ ਦਹਾਕੇ ਪਹਿਲਾਂ 6 ਜੂਨੀਅਰ ਹਾਈ ਵਿਦਿਆਰਥੀਆਂ ਦੇ ਜਿਣਸੀ ਸੋਸ਼ਣ ਦੇ ਦੋਸ਼ੀ ਕੈਲਗਰੀ ਦੇ ਸਾਬਕਾ ਅਧਿਆਪਕ ਦੀ ਬੀਸੀ ਵਿਚੋਂ ਲਾਸ਼ ਮਿਲੀ ਹੈ। ਇਕ ਸੂਤਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਡੇ ਵਿਨਟਨ ਦੇ 57 ਸਾਲਾ ਮਾਈਕਲ ਗਰੈਗਰੀ ਦੀ ਲਾਸ਼ ਵੈਨਕੂਵਰ ਆਈਲੈਂਡ ਤੋਂ ਮਿਲੀ ਹੈ। ਸਿਟੀ ਪੁਲਿਸ ਦਾ ਕਹਿਣਾ ਕਿ ਉਸ ਦੀ ਮੌਤ ਨੂੰ ਅਪਰਾਧਿਕ ਨਹੀਂ ਸਮਝਿਆ ਗਿਆ ਭਾਵ ਉਸ ਦਾ ਕਤਲ ਨਹੀਂ ਕੀਤਾ ਗਿਆ ਤੇ ਨਾ ਹੀ ਦੁਰਘਟਨਾ ਹੋਈ ਹੈ। ਪਰ ਪੁਲਿਸ ਨੇ ਇਹ ਵੀ ਕਿਹਾ ਕਿ ਉਸ ਦੀ ਮੌਤ ਨਾਲ ਮਾਮਲੇ ਵਿਚ ਉਨ੍ਹਾਂ ਦੀ ਜਾਂਚ ਖਤਮ ਨਹੀਂ ਹੁੰਦੀ। ਪਿਛਲੇ ਹਫਤੇ ਪੁਲਿਸ ਨੇ ਜੌਹਨ ਵੇਅਰ ਜੂਨੀਅਰ ਹਾਈ ਸਕੂਲ ਵਿਖੇ ਅਧਿਆਪਕ ਵਜੋਂ ਕਥਿਤ ਰੂਪ ਵਿਚ ਅਪਰਾਧ ਕਰਨ ਨਾਲ ਸਬੰਧਤ ਜਿਣਸੀ ਸੋਸ਼ਣ ਦੀਆਂ 11 ਧਾਰਾਵਾਂ ਤੇ ਜਿਣਸੀ ਹਮਲੇ ਦੀਆਂ ਪੰਜ ਧਾਰਾਵਾਂ ਦੇ ਦੋਸ਼ ਲਾਉਣ ਦਾ ਐਲਾਨ ਕੀਤਾ ਸੀ। ਇਹ ਦੋਸ਼ ਪਿਛਲੇ ਸਾਲ ਸਤੰਬਰ ਵਿਚ ਉਸ ਸਮੇਂ ਸਾਹਮਣੇ ਆਏ ਜਦੋਂ ਇਕ ਔਰਤ ਜਿਹੜੀ ਸਕੂਲ ਵਿਚ ਵਿਦਿਆਰਥਣ ਹੁੰਦੀ ਸੀ ਨੇ ਸ਼ਿਕਾਇਤ ਕੀਤੀ ਕਿ 2001 ਵਿਚ ਕਿਸ਼ਤੀ ਦੇ ਸਫਰ ਜਿਸ ਨੂੰ ਸਕੂਲ ਨੇ ਪ੍ਰਵਾਨਗੀ ਨਹੀਂ ਸੀ ਦਿੱਤੀ ਦੌਰਾਨ ਇਸ ਵਿਅਕਤੀ ਨੇ ਉਸ ਦਾ ਜਿਣਸੀ ਸੋਸ਼ਣ ਕੀਤਾ ਸੀ। ਜਾਂਚ ਦੌਰਾਨ ਪੰਜ ਹੋਰ ਔਰਤਾਂ ਅੱਗੇ ਆਈਆਂ ਜਿਹੜੀਆਂ ਉਸ ਸਮੇਂ ਵਿਦਿਆਰਥਣਾਂ ਸਨ ਅਤੇ ਉਨ੍ਹਾਂ ਦਾਅਵਾ ਕੀਤਾ ਕਿ ਗਰੈਗਰੀ ਨੇ ਉਨ੍ਹਾਂ ਦਾ 1999 ਤੇ 2005 ਵਿਚਕਾਰ ਜਿਣਸੀ ਸੋਸ਼ਣ ਕੀਤਾ ਸੀ। ਗਰੈਗਰੀ ਸਕੂਲ ਵਿਚ 1986 ਤੋਂ ਸਤੰਬਰ 2006 ਤਕ ਅਧਿਆਪਕ ਰਿਹਾ ਸੀ।

## ਸਰੀ ਪੁਲਿਸ ਸਰਵਿਸ ਤੀਸਰਾ ਡਿਪਟੀ ਚੀਫ ਕੰਸਟੇਬਲ ਤੇ ਤਿੰਨ ਸੁਪਰਡੈਂਟ ਕਰੇਗੀ ਹਾਇਰ

ਸਰੀ-ਸਰੀ ਪੁਲਿਸ ਸਰਵਿਸ ਤੀਸਰੇ ਡਿਪਟੀ ਚੀਫ਼ ਕੰਸਟੇਬਲ ਟੋਡ ਮੈਟਸਮੋਟੋ ਨੂੰ ਹਾਇਰ ਕਰੇਗੀ ਜਿਸ ਨੂੰ ਵਿਭਾਗ ਦੇ ਇਨਵੈਸਟੀਗੇਟਿਵ ਸਰਵਸਿਜ਼ ਬਿਊਰੋ ਦਾ ਮੁਖੀ ਬਣਾਇਆ ਜਾਵੇਗਾ। ਮੈਟਸਮੋਟੋ ਨਿਊ ਵੈਸਟਮਸਿਟਰ ਪੁਲਿਸ ਸਰਵਿਸ ਜਿਸ ਨਾਲ ਉਸ ਨੇ 1993 ਤੋਂ ਕੰਮ ਕੀਤਾ ਵਿਚ ਇੰਸਪੈਕਟਰ ਵਜੋਂ ਆਪਣੀ ਨੌਕਰੀ ਛੱਡ ਦੇਣਗੇ। ਇਸੇ ਤਰ੍ਹਾਂ ਲੈਵ ਮਾਂਗਟ, ਐਲੀਸਨ ਗੁੱਡ ਤੇ ਮਾਈਕਲ ਪਰੋਕਿਕ ਨੂੰ ਸੁਪਰਡੈਂਟ ਨਿਯੁਕਤ ਕੀਤਾ ਜਾਵੇਗਾ। ਚੀਫ਼ ਕੰਸਟੇਬਲ ਨੌਰਮ ਲਿਪਿਨਸਕੀ ਨੇ ਇਨ੍ਹਾਂ ਹਾਇਰਿੰਗਸ ਨੂੰ ਕਾਇਮ ਕੀਤੀ ਜਾ ਰਹੀ ਸਰੀ ਪੁਲਿਸ ਸਰਵਿਸ ਲਈ ਮਹੱਤਵਪੂਰਣ ਮੀਲਪੱਥਰ ਆਖਿਆ ਹੈ।

## ਕਾਰ-ਸਕੂਟਰ ਟੱਕਰ ਵਿਚ ਬਜ਼ੁਰਗ ਜ਼ਖ਼ਮੀ

ਸਰੀ-ਵੈਲੀ ਵਿਚ ਇਕ ਸਕੂਟਰ ਦੇ ਕਾਰ ਨਾਲ ਟਕਰਾਉਣ ਕਾਰਨ ਇਕ ਬਜ਼ੁਰਗ ਜ਼ਖ਼ਮੀ ਹੋ ਗਿਆ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਸਰੀ ਆਰਸੀਐਮਪੀ ਨੇ ਦੱਸਿਆ ਕਿ ਇਹ ਦੁਰਘਟਨਾ 102 ਐਵੀਨਿਊ ਤੇ ਸਿਟੀ ਪਾਰਕਵੇ ਚੌਰਾਹੇ ਵਿਚ ਸਵੇਰੇ 8.30 ਵਜੇ ਹੋਈ। ਪੁਲਿਸ ਨੇ ਦੱਸਿਆ ਕਿ ਕਾਰ ਦਾ ਡਰਾਈਵਰ ਘਟਨਾ ਵਾਲੀ ਥਾਂ ’ਤੇ ਮੌਜੂਦ ਰਿਹਾ ਅਤੇ ਬਜ਼ੁਰਗ ਜਿਸ ਦੇ ਸਰੀਰ ਦੇ ਹੇਠਲੇ ਹਿੱਸੇ ’ਤੇ ਗੰਭੀਰ ਸੱਟਾਂ ਲੱਗੀਆਂ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਹਾਲਤ ਸਥਿਰ ਹੈ।

SHER TALIB NOTARY PUBLIC
ਨੌਟਰੀ ਪਬਲਿਕ

NOTARIZATIONS
- Affidavits
- Invitation Letters
- Travel Consent Letters
- Statutory Declarations
- Sales & Purchase
- Family Transfer
- Refinancing
- Business Assets Sale Purchase
- Easements, Restrictive Covenants
- Wills & Estate Planning
- Power of Attorney

ਨੌਟਰੀ ਪਬਲਿਕ
- ਰਿਅਲ ਅਸਟੇਟ ਦੀ ਖ਼ਰੀਦ ਅਤੇ ਵੇਚ
- ਇਕਰਾਰਨਾਮਾ ਅਤੇ ਹੋਰ ਨੌਟਰੀ ਸੇਵਾਵਾਂ
- ਵਸੀਅਤਨਾਮਾ
- ਪਾਵਰ ਆਫ ਅਟੌਰਨੀ
- ਮੋਰਟਗੇਜ਼ ਦੀ ਡਾਕੂਮੇਂਟੇਸ਼ਨ
- ਨੌਟਰੀਜ਼ੇਸ਼ਨ
- ਐਫੀਡੇਵਿਟ

BC Notaries
A TRUSTED TRADITION

Services offered in Punjabi, Hindi & English



Sher Talib
M.A (Eco), M.A (ALS)
P: 604-501-9120
F: 604-501-9121
7935 120th Street
Delta BC, V4C 6P6
Email: sher@shernotary.com | www.shernotary.com

JC Optical & Hearing
#109-12565 88 AVE., SURREY
778-564-1020
JCOPTICALANDHEARING.COM
OPEN 7 DAYS A WEEK

VOTED #1 CLINIC IN SURREY



JASON CHEEMA
BC, HIP, RO
Board Certified in
Hearing Instrument Sciences

$995
FOR A SET OF HEARING AIDS

- Swiss Engineered Hearing Technology
- Any Style - Any Color
- Full 3 year warranty
- 3 Years of Batteries Included
- 100% Money Back Guarantee




INTEREST-FREE PAYMENT PLANS AVAILABLE



*Offer valid until quantity last.

# ਪਿੰਕ ਸ਼ਰਟ ਡੇਅ 'ਤੇ ਦੁਨੀਆ ਭਰ ਦੇ ਲੋਕਾਂ ਨਾਲ ਧੱਕੇਸ਼ਾਹੀ ਵਿਰੁੱਧ ਖੜੇ ਹਾਂ-ਹੌਰਗਨ

ਵਿਕਟੋਰੀਆ-ਬੀਸੀ ਦੇ ਪ੍ਰੀਮੀਅਰ ਜੌਹਨ ਹੌਰਗਨ, ਸਿੱਖਿਆ ਮੰਤਰੀ ਜੈਨੀਫਰ ਵਾਈਟਸਾਈਡ ਤੇ ਅਮੈਂਡਾ ਟੌਡ ਲੀਗੇਸੀ ਸੁਸਾਇਟੀ ਦੀ ਸੰਸਥਾਪਕ ਤੇ ਉਸ ਦੀ ਮਾਂ ਕੈਰਡ ਟੌਡ ਨੇ 14ਵੇਂ ਸਾਲਾਨਾ ਪਿੰਕ ਸ਼ਰਟ ਡੇਅ ਮੌਕੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਅਸੀਂ ਅੱਜ ਦੁਨੀਆ ਭਰ ਦੇ 180 ਮੁਲਕਾਂ ਦੇ ਲੱਖਾਂ ਨਾਲ ਧੱਕੇਸ਼ਾਹੀ ਵਿਰੁੱਧ ਖੜੇ ਹਾਂ। ਪਿਛਲਾ ਸਾਲ ਬੱਚਿਆਂ ਲਈ ਬਹੁਤ ਮੁਸ਼ਕਿਲਾਂ ਭਰਿਆ ਰਿਹਾ ਅਤੇ ਬਹੁਤ ਸਾਰੇ ਨੌਜਵਾਨ ਮਹਾਂਮਾਰੀ ਕਾਰਨ ਤਣਾਅ ਤੇ ਮਾਨਸਿਕ ਸਿਹਤ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਇਸੇ ਲਈ ਇਹ ਪਿੰਕ ਸ਼ਰਟ ਡੇਅ ਬਹੁਤ ਮਹੱਤਵਪੂਰਣ ਹੈ। ਇਸ ਸਾਲ ਦਾ ਥੀਮ ਹੈ ਕਿ ਇਕ ਦੂਸਰੇ ਦਾ ਸਹਾਰਾ ਬਣੋ। ਇਕ ਦੂਸਰਾ ਦਾ ਸਹਾਰਾ ਬਣਨ ਦਾ ਮਤਲਬ ਨਸਲ, ਸਭਿਆਚਾਰ, ਧਰਮ, ਜਿਣਸੀ ਰੁਝਾਨ ਜਾਂ ਲਿੰਗ ਪਛਾਣ ਤੋਂ ਪਰ੍ਹੇ ਹਟ ਕੇ ਇਕ ਦੂਸਰੇ ਨੂੰ ਸਵੀਕਾਰਨਾ ਤੇ ਉਨ੍ਹਾਂ ਦਾ ਆਦਰ ਕਰਨਾ ਹੈ।




# ਮੋਦੀ ਸਰਕਾਰ ਖੇਤੀ ਕਨੂੰਨਾਂ ਦੇ ਮੁੱਦੇ ਉਪਰ ਸਾਮਰਾਜੀ ਤਾਕਤਾਂ ਨਾਲ ਪਾਲ ਰਹੀ ਹੈ ਵਫਾਦਾਰੀ-ਉਗਰਾਹਾਂ

ਨਵੀਂ ਦਿੱਲੀ-ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਦਿਨੋਂ-ਦਿਨ ਵਧ ਤੇ ਫ਼ੈਲ ਰਹੇ ਸੰਘਰਸ਼ ਦੇ ਬਾਵਜੂਦ ਖੇਤੀ ਕਾਨੂੰਨਾਂ ਨੂੰ ਰੱਦ ਨਾ ਕਰਨਾ ਮੋਦੀ ਹਕੂਮਤ ਦੀ ਦੇਸੀ- ਵਿਦੇਸ਼ੀ ਕਾਰਪੋਰੇਟ ਘਰਾਣਿਆਂ ਤੇ ਸਾਮਰਾਜੀ ਬਹੁਕੌਮੀ ਕੰਪਨੀਆਂ ਨਾਲ ਗੂੜ੍ਹੀ ਸਾਂਝ ਤੇ ਵਫ਼ਾਦਾਰੀ ਦਾ ਮੂੰਹ ਬੋਲਦਾ ਸਬੂਤ ਹੈ। ਇਸ ਸਾਂਝ ਨੂੰ ਪੁਗਾਉਣ ਲਈ ਹੀ ਭਾਜਪਾ ਸਰਕਾਰ ਸੰਸਦ ਵਿੱਚ ਮਿਲੇ ਬਹੁਮੱਤ ਦਾ ਦੁਰਉਪਯੋਗ ਕਰ ਰਹੀ ਹੈ। ਟਿਕਰੀ ਬਾਰਡਰ 'ਤੇ ਸੰਬੋਧਨ ਕਰਦਿਆਂ ਸ੍ਰੀ ਉਗਰਾਹਾਂ ਨੇ ਕਿਹਾ ਕਿ ਭਾਜਪਾ ਦੀ ਸਰਕਾਰ ਵਾਲੇ ਕਈ ਰਾਜਾਂ ਵਿੱਚ ਵੀ ਭਾਜਪਾ ਆਗੂਆਂ ਨੂੰ ਕਿਸਾਨਾਂ ਦੇ ਤਿੱਖੇ ਵਿਰੋਧ ਸਦਕਾ ਜਨਤਕ ਰੈਲੀਆਂ 'ਚੋਂ ਬਿਨਾ ਬੋਲੇ ਵਾਪਸ ਮੁੜਨ ਲਈ ਮਜਬੂਰ ਹੋਣਾ ਪੈ ਰਿਹਾ ਹੈ ਅਤੇ ਆਉਂਦੇ ਦਿਨਾਂ ਵਿਚ ਇਹ ਰੋਸ ਹੋਰ ਵਿਸ਼ਾਲ ਹੋਵੇਗਾ ਜੋ ਅਖ਼ੀਰ ਮੋਦੀ ਸਰਕਾਰ ਨੂੰ ਕਾਲੇ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦੇਵੇਗਾ। ਉਨ੍ਹਾਂ ਕਿਸਾਨਾਂ ਨੂੰ ਅਪੀਲ



ਕੀਤੀ ਕਿ ਉਹ ਅੰਦੋਲਨ ਨੂੰ ਜਾਤਾਂ, ਧਰਮਾਂ ਤੇ ਇਲਾਕਿਆਂ ਤੋਂ ਉੱਪਰ ਉੱਠ ਕੇ ਕਾਲੇ ਕਾਨੂੰਨ ਰੱਦ ਕਰਾਉਣ ਤੇ ਗ੍ਰਿਫ਼ਤਾਰ ਕਿਸਾਨਾਂ ਨੂੰ ਰਿਹਾਅ ਕਰਾਉਣ ਵਰਗੀਆਂ ਮੰਗਾਂ 'ਤੇ ਕੇਂਦਰਿਤ ਰੱਖਣ ਲਈ ਤਾਣ ਜੁਟਾਉਣ। ਉਨ੍ਹਾਂ ਕਿਸਾਨਾਂ ਉੱਤੇ ਦੇਸ਼ ਧ੍ਰੋਹ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਦੇ ਜਬਰ ਦੇ ਬਾਵਜੂਦ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ 27 ਫਰਵਰੀ ਨੂੰ ਗੁਰੂ ਰਵਿਦਾਸ ਦੇ ਜਨਮ ਦਿਹਾੜੇ ਅਤੇ ਚੰਦਰਸ਼ੇਖਰ ਆਜ਼ਾਦ ਦੇ ਸ਼ਹੀਦੀ ਦਿਹਾੜੇ ਮੌਕੇ ਕਿਸਾਨਾਂ, ਮਜ਼ਦੂਰਾਂ ਤੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਦਿੱਲੀ ਮੋਰਚੇ 'ਚ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਹਰਿਆਣਾ ਦੇ ਕਿਸਾਨ ਆਗੂ ਵੀਰੇਂਦਰ ਹੁੱਡਾ ਨੇ ਕਿਹਾ ਕਿ ਅਸਲੀ ਲੋਕਤੰਤਰ ਉਹੀ ਹੁੰਦਾ ਹੈ ਜਿੱਥੇ ਲੋਕਾਂ ਦੀ ਆਵਾਜ਼ ਸੁਣੀ ਜਾਂਦੀ ਹੈ ਪਰ ਕੁਰੂਕਸ਼ੇਤਰ ਵਿੱਚ ਰੈਲੀ ਕਰ ਰਹੇ ਕਿਸਾਨਾਂ ਨੂੰ ਰੋਕ ਕੇ ਹਰਿਆਣਾ ਦੀ ਭਾਜਪਾ ਸਰਕਾਰ ਨੇ ਲੋਕਤੰਤਰ ਦਾ ਗਲਾ ਘੁੱਟਣ ਦੀ ਕਾਰਵਾਈ ਕੀਤੀ ਹੈ।

## ਨੀਰਵ ਮੋਦੀ ਹਾਰਿਆ ਹਵਾਲਗੀ ਕੇਸ

ਲੰਡਨ-ਪੀ ਐੱਨ ਬੀ ਨਾਲ ਧੋਖਾਧੜੀ ਦੇ ਮਾਮਲੇ ਵਿੱਚ ਹੀਰਾ ਕਾਰੋਬਾਰੀ ਨੀਰਵ ਮੋਦੀ ਹਵਾਲਗੀ ਮੁਕੱਦਮਾ ਹਾਰ ਗਿਆ ਹੈ। ਬਰਤਾਨੀਆਂ ਦੇ ਜੱਜ ਨੇ ਕਿਹਾ ਹੈ ਕਿ ਹੀਰਾ ਕਾਰੋਬਾਰੀ ਨੀਰਵ ਮੋਦੀ ਖ਼ਿਲਾਫ਼ ਮਾਮਲਾ ਬਣਦਾ ਨਜ਼ਰ ਆਉਂਦਾ ਹੈ। ਉਨ੍ਹਾ ਕਿਹਾ ਕਿ ਨੀਰਵ ਮੋਦੀ ਨੂੰ ਧੋਖਾਧੜੀ ਤੇ ਕਾਲੇ ਧਨ ਨੂੰ ਸਫ਼ੈਦ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰਨ ਲਈ ਭਾਰਤ ਦੇ ਹਵਾਲੇ ਕੀਤਾ ਜਾ ਸਕਦਾ ਹੈ।

## ਪੁਡੂਚੇਰੀ 'ਚ ਲੱਗਾ ਰਾਸ਼ਟਰਪਤੀ ਰਾਜ

ਨਵੀਂ ਦਿੱਲੀ-ਕੇਂਦਰ ਸ਼ਾਸਿਤ ਪ੍ਰਦੇਸ਼ ਪੁੱਡੂਚੇਰੀ 'ਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ ਹੈ। ਚੇਤੇ ਰਹੇ ਕਿ ਮੁੱਖ ਮੰਤਰੀ ਵੀ.ਨਰਾਇਣਸਾਮੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੇ ਘਟਗਿਣਤੀ 'ਚ ਰਹਿਣ ਮਗਰੋਂ ਕੇਂਦਰੀ ਕੈਬਨਿਟ ਨੇ ਪੁੱਡੂਚੇਰੀ 'ਚ ਰਾਸ਼ਟਰਪਤੀ ਰਾਜ ਦੀ ਸਿਫਾਰਿਸ਼ ਕੀਤੀ ਸੀ। ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵੱਲੋਂ ਸਿਫਾਰਿਸ਼ 'ਤੇ ਸਹੀ ਪਾਉਣ ਮਗਰੋਂ ਅੱਜ ਤੋਂ ਪੁੱਡੂਚੇਰੀ 'ਚ ਰਾਸ਼ਟਰਪਤੀ ਰਾਜ ਅਮਲ ਵਿੱਚ ਆ ਗਿਆ ਹੈ। ਉਂਜ ਇਸ ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਅਪਰੈਲ ਮਈ 'ਚ ਚਾਰ ਹੋਰਨਾਂ ਰਾਜਾਂ ਨਾਲ ਚੋਣਾਂ ਹੋਣੀਆਂ ਹਨ।

## ਪ੍ਰਧਾਨ ਮੰਤਰੀ ਮੋਦੀ ਸਭ ਤੋ ਵੱਡਾ ਦੰਗਾਬਾਜ਼-ਮਮਤਾ ਬੈਨਰਜੀ

ਸ਼ਾਹਗੰਜ (ਪੱਛਮੀ ਬੰਗਾਲ)-ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਨੂੰ 'ਸਭ ਤੋਂ ਵੱਡਾ ਦੰਗਾਬਾਜ਼' ਗਰਦਾਨਦਿਆਂ ਕਿਹਾ ਕਿ ਉਨ੍ਹਾਂ ਦਾ ਹਸ਼ਰ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਤੋਂ ਵੀ ਮਾੜਾ ਹੋਵੇਗਾ। ਹੁਗਲੀ ਜ਼ਿਲ੍ਹੇ ਦੇ ਸ਼ਾਹਗੰਜ 'ਚ ਇੱਕ ਰੈਲੀ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਬੈਨਰਜੀ ਨੇ ਕਿਹਾ ਕਿ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਮੁਲਕ 'ਚ ਨਫ਼ਰਤ ਫੈਲਾ ਰਹੇ ਹਨ। ਭਾਜਪਾ ਵੱਲੋਂ ਤ੍ਰਿਣਮੂਲ ਕਾਂਗਰਸ 'ਤੇ ਵਾਰ-ਵਾਰ ਲਾਏ ਜਾਣ ਵਾਲੇ 'ਕੱਟ ਮਨੀ' (ਦਲਾਲੀ) ਦੇ ਦੋਸ਼ ਦੇ ਸੰਦਰਭ 'ਚ ਮੁੱਖ ਮੰਤਰੀ ਬੈਨਰਜੀ ਨੇ ਕਿਹਾ,'ਉਹ ਟੀਐੱਮਸੀ ਨੂੰ ਤੋਲਾਬਾਜ਼ ਪਾਰਟੀ ਦੱਸਦੀ ਹੈ ਪਰ ਉਹ ਕੀ ਹੈ ? ਨਰਿੰਦਰ ਮੋਦੀ 'ਸਭ ਤੋਂ ਵੱਡੇ ਦੰਗਾਬਾਜ਼' ਤੇ 'ਸਭ ਤੋਂ ਵੱਡੇ ਧੰਦੇਬਾਜ਼' ਹਨ। ਉਨ੍ਹਾਂ ਕਿਹਾ,'ਤੁਸੀਂ ਪੂਰੇ ਮੁਲਕ ਨੂੰ ਕਰੋੜਾਂ ਰੁਪਏ ਲਈ ਵੇਚ ਰਹੇ ਹੋ, ਕਿਸ ਲਈ ? ਕੱਟ ਮਨੀ ਜਾਂ ਰੇਟ ਮਨੀ।' ਟੀਐੱਮਸੀ ਸੁਪਰੀਮੋ ਨੇ ਭਰੋਸਾ ਪ੍ਰਗਟਾਇਆ ਕਿ ਉਨ੍ਹਾਂ ਦੀ ਪਾਰਟੀ ਵਿਧਾਨ ਸਭਾ ਚੋਣਾਂ ਮਗਰੋਂ ਮੁੜ ਸੱਤਾ 'ਚ ਆਵੇਗੀ। ਇਸ ਦੌਰਾਨ ਕੇਂਦਰੀ ਕੋਲਕਾਤਾ ਵਿੱਚ ਇੱਕੋ ਹੀ ਰੂਟ 'ਤੇ ਭਾਜਪਾ ਅਤੇ ਟੀਐੱਮਸੀ ਦੇ ਸਮਾਗਮਾਂ ਦੌਰਾਨ ਦੋਵਾਂ ਪਾਰਟੀਆਂ ਦੇ ਕਾਰਕੁਨ ਭਿੜ ਗਏ।



## ਹਰਿਆਣਾ ਪੁਲਿਸ ਵਲੋਂ ਨੌਦੀਪ ਕੌਰ ਉਪਰ ਤਸ਼ੱਦਦ ਦੇ ਦੋਸ਼ਾਂ ਤੋ ਇਨਕਾਰ

ਚੰਡੀਗੜ੍ਹ-ਹਰਿਆਣਾ ਪੁਲੀਸ ਨੇ ਕਿਰਤ ਅਧਿਕਾਰਾਂ ਦੀ ਕਾਰਕੁਨ ਨੌਦੀਪ ਕੌਰ 'ਤੇ ਤਸ਼ੱਦਦ ਦੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੰਦਿਆਂ ਦੋਸ਼ ਲਗਾਇਆ ਹੈ ਕਿ ਇਹ ਕਾਰਕੁਨ ਉਦਯੋਗਪਤੀਆਂ ਤੋਂ ਫ਼ਿਰੌਤੀ ਵਸੂਲਦੀ ਹੈ। ਬੁੱਧਵਾਰ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਸੌਂਪੀ ਪ੍ਰਗਤੀ ਰਿਪੋਰਟ ਵਿਚ ਹਰਿਆਣਾ ਪੁਲੀਸ ਨੇ ਕਿਹਾ ਕਿ ਕੁਝ ਝੂਠੇ ਦਾਅਵੇ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਕੀਤੇ ਜਾ ਰਹੇ ਹਨ ਕਿ ਨੌਦੀਪ ਕੌਰ ਨੂੰ ਗ਼ਲਤ ਫਸਾਇਆ ਗਿਆ ਹੈ ਅਤੇ ਮਨਮਰਜ਼ੀ ਨਾਲ ਹਿਰਾਸਤ ਵਿਚ ਲਿਆ ਗਿਆ ਹੈ, ਜਦ ਕਿ ਅਦਾਲਤ ਇਸ ਕਾਰਕੁਨ ਦੇ ਮਾਮਲੇ ਦੀ ਸੁਣਵਾਈ ਕਰ ਰਹੀ ਹੈ।



### ਸ਼ਿਵ ਕੁਮਾਰ ਦਾ ਡਾਕਟਰੀ ਮੁਆਇਨਾ

ਸੋਨੀਪਤ ਵਿਚ ਦਾਇਰ ਫੌਜਦਾਰੀ ਕੇਸ ਵਿਚ ਨੌਦੀਪ ਕੌਰ ਨਾਲ ਗ੍ਰਿਫਤਾਰ ਕੀਤੇ ਸਹਿ-ਮੁਲਜ਼ਮ ਅਤੇ ਮਜ਼ਦੂਰ ਅਧਿਕਾਰ ਸੰਗਠਨ ਦੇ ਪ੍ਰਧਾਨ ਸ਼ਿਵ ਕੁਮਾਰ ਦਾ ਇਥੋਂ ਦੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ (ਜੀਐੱਮਸੀਐੱਚ) ਵਿਖੇ ਡਾਕਟਰੀ ਮੁਆਇਨਾ ਕੀਤਾ ਗਿਆ। ਇਸ ਵਿੱਚ ਉਸ ਦੇ ਹੱਥ ਅਤੇ ਪੈਰ ਵਿਚ ਦੋ ਫਰੈਕਚਰ ਹੋਣ ਤੇ ਪੈਰਾਂ ਦੀਆਂ ਉਂਗਲਾਂ ਵਿੱਚ ਕਿੱਲਾਂ ਚੁੱਭਣ ਦੀ ਪੁਸ਼ਟੀ ਹੋਈ ਹੈ। ਨੌਦੀਪ ਕੌਰ ਦੀ ਗ੍ਰਿਫਤਾਰੀ ਤੋਂ ਕੁੱਝ ਦਿਨ ਬਾਅਦ ਸ਼ਿਵ ਨੂੰ ਕਾਬੂ ਕੀਤਾ ਗਿਆ ਸੀ।

GLOBAL INSURANCE
"WE SECURE YOUR VALUES"
Specialist in :
• Home Owners • Business
• Farm • Fleet • Prorate
• Cargo • Visitor to Canada
• ICBC Auto • Travel Medical
• Liability • Tenants
• Private Motorcycle • Boat
• Course of Construction
• Commercial Property
• Rental Home • High Value Homes
Call Now For SUPER VISA INSURANCE
ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ


GULSHARAN S. WALIA HARVINDER WALIA KANWAR (SUNNY) WALIA
ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ
Open 7 Days a Week
• ਘਰ • ਵਿਉਪਾਰ • ਫਾਰਮ • ਫਲੀਟ • ਪਰੋਰੇਟ • ਕਾਰਗੋ
• ਵੈਨ, ਕਾਰ, ਟਰੱਕ • ਟਰੈਵਲ ਮੈਡੀਕਲ
• ਕਿਰਾਏਦਾਰ • ਪ੍ਰਾਈਵੇਟ ਮੋਟਰਸਾਈਕਲ
• ਬੋਟ/ਕਿਸ਼ਤੀ • ਕੰਸਟਰਕਸ਼ਨ • ਕਮਰਸ਼ੀਅਲ ਪ੍ਰਾਪਰਟੀ
• ਰੈਂਟਲ ਘਰ • ਹਾਈ ਵੈਲਿਊ ਵਾਲੇ ਘਰ ਦੀ ਇੰਸ਼ੋਰੈਂਸ
• ਵਿਜਟਰ ਤੇ ਨਵੇਂ ਇੰਮੀਗਰਾਂਟਸ ਦੀ ਮੈਡੀਕਲ ਇੰਸ਼ੋਰੈਂਸ
Autoplan
New Producers Welcome
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਅੱਜ ਹੀ ਫੋਨ ਕਰੋ
www.globalins.ca
3 LOCATIONS TO SERVE YOU :
#101 - 2464 Clearbrook Rd. Abbotsford, BC V2T 2X8 604-852-8111 Fax: 604-852-4446
#102 - 18408 64th Ave. Surrey, BC V3S 1E9 604-574-5115 Fax: 604-574-5116
#115 - 6820 188th St. Surrey, BC V4N 3G6 604-574-1771 Fax: 604-574-1761



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ ਕੱਦ 5'10", ਨਸ਼ਿਆਂ ਤੋਂ ਰਹਿਤ, BTECH(ਮਕੈਨੀਕਲ), ਲਈ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਲੜਕਾ ਇੰਡੀਆ ਵਿੱਚ ਹੈ। ਲੜਕੇ ਕੋਲ ਇੰਡੀਆ ਵਿੱਚ 13 ਕਿੱਲੇ ਜ਼ਮੀਨ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ: 778-713-0015 ਜਾਂ ਇੰਡੀਆ: 98156-34151

feb 20

ਕੈਨੇਡੀਅਨ ਜੱਟ ਸਿੱਖ ਪਰਿਵਾਰ ਆਪਣੇ 30 ਸਾਲ, ਕੱਦ 6'0 ਸੋਹਣੇ ਲੜਕੇ ਲਈ ਲੜਕੀ ਦੀ ਭਾਲ ਕਰ ਰਹੇ ਹਨ। ਲੜਕੇ ਨੇ ਕਵਾਂਟਲੇਨ ਪੋਲੀਟੈਕਨਿਕ ਯੂਨੀਵਰਸਿਟੀ ਤੋਂ ਬੀ.ਬੀ.ਏ(BBA) ਕੀਤੀ ਹੋਈ ਹੈ ਅਤੇ ਪੇਸ਼ੇਵਰ ਚਾਰਟਰਡ ਅਕਾਉਂਟੈਂਟ ਹੈ। ਲੜਕੀ ਕੈਨੇਡੀਅਨ ਨਾਗਰਿਕ ਜਾਂ ਪੀ.ਆਰ ਹੋਣੀ ਚਾਹੀਦੀ ਹੈ। ਸੰਪਰਕ:778-878-3959 ਜਾਂ ਈਮੇਲ: kjsbrar9@yahoo.ca

ਜੱਟ ਸਿੱਖ ਗਿੱਲ ਪਰਿਵਾਰ ਦਾ ਲੜਕਾ ਉਮਰ 28 ਸਾਲ ਕੱਦ 5'7", ਨਸ਼ਿਆਂ ਤੋਂ ਰਹਿਤ, ਕਲੀਨ ਸ਼ੇਵ ਕੈਨੇਡੀਅਨ ਪੀ.ਆਰ. ਵਾਸਤੇ ਲੜਕੀ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 604-655-3336 ਜਾਂ ਈਮੇਲ: happy9284@yahoo.com

### ਲੜਕੇ ਦੀ ਲੋੜ

ਕੈਨੇਡੀਅਨ ਪੀ.ਆਰ., ਉਮਰ 27 ਸਾਲ ਕੱਦ 5'5", ਵਾਸਤੇ ਯੋਗ ਵਰ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 29 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ।। ਸੰਪਰਕ- 604-761-7580 ਜਾਂ 604-599-8237

feb 20

ਕੈਨੇਡੀਅਨ ਪੀ.ਆਰ. ਸੈਣੀ ਸਿੱਖ, ਉਮਰ 29 ਸਾਲ ਕੱਦ 5'3", ਐਮ. ਟੈਕ, ਇਮੀਗਰਾਂਟ ਕਨਸਲਟੈਂਟ ਦੀ ਸਟੱਡੀ ਕਰ ਰਹੀ ਸੁਨੱਖੀ ਲੜਕੀ ਵਾਸਤੇ ਚੰਗੇ ਪਰਿਵਾਰ ਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਲੜਕੀ ਦੇ ਮਾਤਾ ਪਿਤਾ ਸਰਕਾਰੀ ਨੌਕਰੀ ਕਰਦੇ ਹਨ। ਸੰਪਰਕ- 604-902-5319 (ਵਟਸ ਐਪ) ਜਾਂ ਈਮੇਲ: gurdevsiaini0020@gmail.com

## EMPLOYMENTS

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।**

**ਅੱਜ ਹੀ ਸੰਪਰਕ ਕਰੋ:**

**ਸਾਹਿਬ ਸਿੰਘ : 778-863-9000**

### ਕਿਰਾਏ ਲਈ ਖਾਲੀ

ਸਰੀ ਵਿੱਚ 2 ਬੈਡਰੂਮ ਬੇਸਮੈਂਟ ਕਿਰਾਏ ਲਈ ਉਪਲਬਧ ਹੈ। ਵੱਖਰਾ ਲਿਵਿੰਗ ਰੂਮ, 68 ਐਵੇਨਿਊ ਅਤੇ 142 ਸਟ੍ਰੀਟ ਦੇ ਨੇੜੇ। ਸ਼ਾਕਾਹਾਰੀ ਹੋਣਾ ਚਾਹੀਦਾ ਹੈ ਅਤੇ ਸਿਗਰਟਨੋਸ਼ੀ ਮਨ੍ਹਾਂ ਹੈ। ਇੰਟਰਨੈੱਟ ਅਤੇ ਨਿੱਜੀ ਲਾਂਡਰੀ ਹੈ। ਕੋਈ ਪਾਲਤੂ ਜਾਨਵਰ ਨਹੀਂ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-961-4251

## MATRIMONIALS

ਜੱਟ ਸਿੱਖ ਲੜਕਾ ਉਮਰ 27 ਸਾਲ ਕੱਦ 5'7", ਨਸ਼ਿਆਂ ਤੋਂ ਰਹਿਤ ਕੈਨੇਡੀਅਨ ਪੀ.ਆਰ ਵਾਸਤੇ ਪੀ.ਆਰ, ਵਿਜ਼ਟਰ ਜਾਂ ਸਟੂਡਿੰਟ ਸੁੰਦਰ ਲੜਕੀ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 23 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ। ਸੰਪਰਕ: 604-300-2361 ਜਾਂ ਇੰਡੀਆ: 94174-80918

### ਲੜਕੀ ਦੀ ਲੋੜ

ਡੈਲਟਾ, ਬੀਸੀ (ਕੈਨੇਡਾ) ਵਿਖੇ ਰਹਿ ਰਿਹਾ Work Perimt Holder ਹਿੰਦੂ ਖੱਤਰੀ ਲੜਕਾ, ਉਮਰ 26 ਸਾਲ, ਕੱਦ 5'6", ਵਾਸਤੇ ਪੀ.ਆਰ., ਵਰਕ ਪਰਮਿਟ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਲੜਕੇ ਦੀ ਭੈਣ ਦਾ ਪਰਿਵਾਰ ਡੈਲਟਾ ਵਿਖੇ ਸੈਟਲਡ ਹੈ। ਸੰਪਰਕ ਫੋਨ ਨੰਬਰ- 604-600-8466, 604-600-5490

mar 27

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

ਪਾਰਟ ਟਾਈਮ ਤਜਰਬੇਕਾਰ ਐਂਡ ਡੰਪ ਡਰਾਈਵਰ ਦੀ ਜਰੂਰਤ ਹੈ। ਖੁਦਾਈ ਦੇ ਤਜਰਬੇ ਦੇ ਨਾਲ, ਉਸ ਨੂੰ ਆਪਣੇ ਆਪ ਟਰੱਕ ਲੋਡ ਕਰਨ ਦਾ ਤਜਰਬਾ ਹੋਣਾ ਚਾਹੀਦਾ ਹੈ। ਸਹੀ ਤਜਰਬੇਕਾਰ ਵਿਅਕਤੀ ਲਈ ਫੁਲ ਟਾਇਮ ਕੰਮ ਹੋ ਸਕਦਾ ਹੈ। ਤਨਖਾਹ ਲਈ ਸਮਝੌਤਾ ਕਰ ਸਕਦੇ ਹਾਂ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 778-882-9574

feb 13

ਰਿਚਮੰਡ ਵਿਚ ਫਾਰਮ ਹਾਊਸ ਲਈ ਪਾਰਟ ਟਾਈਮ ਆਮ ਲੇਬਰ ਦੀ ਜ਼ਰੂਰਤ ਹੈ। ਮਸ਼ੀਨ ਦੇ ਤਜਰਬੇ ਵਾਲੇ ਨੂੰ ਤਰਜੀਹ ਮਿਲੇਗੀ। ਤਨਖਾਹ $16 ਪ੍ਰਤੀ ਘੰਟਾ ਤੋਂ ਸ਼ੁਰੂ ਹੁੰਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 778-882-9574

feb 20

**H.R. Stucco & Renovations Ltd.** ਵਾਲਿਆਂ ਨੂੰ ਕਾਮੇਆਂ ਦੀ ਜ਼ਰੂਰਤ ਹੈ। ਯੋਗਤਾ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਇਹਨਾਂ ਫੋਨ ਨੰਬਰਾਂ ਤੇ ਸੰਪਰਕ ਕਰੋ: 604-312-1325 ਜਾਂ 604-518-4800

### ਕੰਮ ਦਾ ਸੁਨਿਹਰੀ ਮੌਕਾ

ਸਟਾਰ ਲਾਈਟ ਟਰਾਂਸਪੋਰਟ ਕੰਪਨੀ ਵਾਲਿਆਂ ਨੂੰ ਸਾਰੇ ਕਨੇਡਾ ਅਤੇ ਅਮਰੀਕਾ ਲਈ ਟਰੱਕ ਡਰਾਈਵਰਾਂ ਦੀ ਜ਼ਰੂਰਤ ਹੈ। LMI ਅਤੇ SINP ਪ੍ਰਦਾਨ ਕੀਤੀ ਜਾ ਸਕਦੀ ਹੈ। ਅਸੀਂ ਯੂ ਐਸ ਏ ਵੀਜ਼ਾ ਪ੍ਰਾਪਤ ਕਰਨ ਵਿਚ ਵੀ ਮਦਦ ਕਰ ਸਕਦੇ ਹਾਂ। ਚੰਗੀ ਤਨਖਾਹ। ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ।

ਹੋਰ ਜਾਣਕਾਰੀ ਲਈ
ਜਤਿੰਦਰ ਬਰਾੜ ਨੂੰ ਕਾਲ ਕਰੋ

**1-306-535-5555**

# ਭਾਰਤ ਤੇ ਟਵਿੱਟਰ, ਆਸਟਰੇਲੀਆ ਤੇ ਫੇਸਬੁੱਕ ਆਹਮਣੇ-ਸਾਹਮਣੇ

**ਪ੍ਰੋ: ਕੁਲਬੀਰ ਸਿੰਘ**
9417153513

ਕਿਸਾਨ ਅੰਦੋਲਨ ਦੇ ਪ੍ਰਸੰਗ ਵਿਚ ਭਾਰਤ ਸਰਕਾਰ ਅਤੇ ਟਵਿੱਟਰ ਵਿਚਲੇ ਟਕਰਾ ਚਰਮ-ਸੀਮਾ 'ਤੇ ਗਿਆ ਹੈ। ਕਿਸਾਨ ਅੰਦੋਲਨ ਦੇ ਪ੍ਰਚਾਰ ਪ੍ਰਸਾਰ ਵਿਚ ਸ਼ੋਸ਼ਲ ਮੀਡੀਆ ਦੀ, ਵਿਸ਼ੇਸ਼ ਕਰਕੇ ਟਵਿੱਟਰ ਨੂੰ 1200 ਦੇ ਕਰੀਬ ਖਾਤੇ ਬੰਦ ਕਰਨ ਲਈ ਕਿਹਾ ਸੀ। ਪਹਿਲਾਂ ਤਾਂ ਟਵਿੱਟਰ ਨੇ ਅਭਿਵਿਅਕਤੀ ਦੀ ਅਜ਼ਾਦੀ ਦਾ ਮਾਮਲਾ ਕਹਿ ਕੇ ਖਾਤੇ ਬੰਦ ਕਰਨ ਤੋਂ ਇਨਕਾਰ ਕਰ ਦਿੱਤਾ। ਜਦ ਸੰਚਾਰ, ਇਲੈਕਟ੍ਰਾਨਿਕ ਤੇ ਸੂਚਨਾ ਤਕਨਾਲੋਜੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਰਾਜ ਸਭਾ ਵਿਚ ਕਾਨੂੰਨ ਦਾ ਹਵਾਲਾ ਦਿੰਦਿਆ ਕਿਹਾ, "ਭਾਰਤ ਵਿਚ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਹੈ ਪਰੰਤੂ ਧਾਰਾ 19 ਏ ਅਨੁਸਾਰ ਆਜ਼ਾਦੀ ਦੀ ਸੀਮਾ ਰੇਖਾ ਵੀ ਤੈਅ ਹੈ। ਜੇਕਰ ਸ਼ੋਸ਼ਲ ਮੀਡੀਆ ਦਾ ਇਸਤੇਮਾਲ ਜਾਅਲੀ ਖ਼ਬਰਾਂ ਅਤੇ ਹਿੰਸਾ ਫੈਲਾਉਣ ਲਈ ਕੀਤਾ ਜਾਂਦਾ ਹੈ ਤਾਂ ਅਜਿਹੇ ਪਲੇਟਫ਼ਾਰਮਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ" ਤਾਂ ਟਵਿੱਟਰ ਨੇ ਅਜਿਹੇ 97 ਫ਼ੀਸਦੀ ਖਾਤੇ ਬੰਦ ਕਰ ਦਿੱਤੇ। ਪਰੰਤੂ ਸਰਕਾਰ ਇਸ ਨਾਲ ਵੀ ਸੰਤੁਸ਼ਟ ਨਹੀਂ ਹੋਈ। ਅਜਿਹੇ ਵਿਵਾਦ ਸਾਹਮਣੇ ਆਉਣ 'ਤੇ ਸਰਕਾਰ ਅਕਸਰ ਇਨ੍ਹਾਂ ਦਾ ਬਦਲ ਲੱਭਣ ਦੀ ਕੋਸ਼ਿਸ਼ ਕਰਦੀ ਹੈ। ਵੱਟਸਐਪ ਦਾ ਸੰਦੇਸ਼, ਟਿਕ ਟਾਕ ਦਾ ਚਿੰਗਾਰੀ, ਪਬ ਜੀ ਦਾ ਫੈਨ ਜੀ, ਟਵਿੱਟਰ ਦਾ ਕੂ, ਬਿਊਟੀ ਪਲੱਸ ਦਾ ਇੰਡੀਅਨ ਸੈਲਫ਼ੀ ਕੈਮਰਾ, ਕੈਮ ਸਕੈਨਰ ਦਾ ਕਾਗਜ਼ ਸਕੈਨਰ ਬਦਲ ਉਪਲਬਧ ਹੈ।

ਤਾਜ਼ਾ ਵਿਵਾਦ ਦੌਰਾਨ ਜਦ ਸਰਕਾਰ ਨੇ ਟਵਿੱਟਰ 'ਤੇ ਪਾਬੰਧੀ ਲਗਾਉਣ ਦੀ ਧਮਕੀ ਦੇ ਦਿੱਤੀ ਤਾਂ ਇਕ ਪਾਸੇ ਸਰਕਾਰ ਦੁਆਰਾ ਦੱਸੇ ਬਹੁਤ ਸਾਰੇ ਖਾਤੇ ਬੰਦ ਕਰ ਦਿੱਤੇ ਗਏ ਦੂਸਰੇ ਪਾਸੇ ਟਵਿੱਟਰ ਦੇ ਕੁਝ ਉਚ-ਅਧਿਕਾਰੀਆਂ ਨੇ ਅਸਤੀਫ਼ੇ ਦੇ ਦਿੱਤੇ। ਤਿੰਨ ਫਰਵਰੀ ਨੂੰ ਸਰਕਾਰ ਨੇ ਕਿਹਾ ਸੀ ਕਿ ਟਵਿੱਟਰ ਦੇ ਅਧਿਕਾਰੀਆਂ ਨੂੰ ਸੱਤ ਸਾਲ ਦੀ ਸਜ਼ਾ ਹੋ ਸਕਦੀ ਹੈ। ਸੱਤ



ਫਰਵਰੀ ਨੂੰ ਟਵਿੱਟਰ ਦੀ ਨੀਤੀ ਮੁਖੀ ਮਹਿਮਾ ਕੌਲ ਨੇ ਅਸਤੀਫ਼ਾ ਦੇ ਦਿੱਤਾ। ਇਹ ਸਰਕਾਰ ਅਤੇ ਟਵਿੱਟਰ ਦਰਮਿਆਨ ਵੱਧਦੇ ਟਕਰਾ ਦਾ ਹੀ ਨਤੀਜਾ ਸੀ। ਆਮ ਧਾਰਨਾ ਹੈ ਕਿ ਸ਼ੋਸ਼ਲ ਮੀਡੀਆ ਨੇ ਦੁਨੀਆਂ ਭਰ ਦੇ ਲੋਕਾਂ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੇ ਮੌਕੇ ਪ੍ਰਦਾਨ ਕੀਤੇ ਹਨ। ਪਰੰਤੂ ਇਹ ਵੀ ਸੱਚਾਈ ਹੈ ਕਿ ਫੇਸਬੁੱਕ, ਟਵਿੱਟਰ, ਵੱਟਸਐਪ ਜਿਹੇ ਮੰਚਾਂ ਦੀ ਦੁਰਵਰਤੋਂ ਵੀ ਹੋ ਰਹੀ ਹੈ। ਇਸੇ ਲਈ ਦੁਨੀਆਂ ਦੇ ਕਈ ਮੁਲਕਾਂ ਨੇ ਇਨ੍ਹਾਂ 'ਤੇ ਪਾਬੰਧੀ ਲਾ ਰੱਖੀ ਹੈ। ਪਰੰਤੂ ਵੱਡਾ ਸਵਾਲ ਜਿਉਂ ਦਾ ਤਿਉਂ ਖੜ੍ਹਾ ਹੈ ਕਿ ਇਹ ਕਿਵੇਂ ਤੈਅ ਹੋਵੇਗਾ ਅਤੇ ਕੌਣ ਕਰੇਗਾ ਕਿ ਕਿਹੜੀ ਟਿੱਪਣੀ ਖ਼ਤਰਨਾਕ ਹੈ ਅਤੇ ਕਿਹੜੀ ਖ਼ਤਰਨਾਕ ਨਹੀਂ ਹੈ। ਸਰਕਾਰ ਅਤੇ ਟਵਿੱਟਰ ਦਰਮਿਆਨ ਉਸ ਵੇਲੇ ਟਕਰਾ ਹੋਰ ਵਧ ਗਿਆ ਜਦ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਟਵਿੱਟਰ ਦੇ ਅਧਿਕਾਰੀਆਂ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ। ਇਸ ਉਪਰੰਤ ਟਵਿੱਟਰ ਨੇ ਬਲੌਗਪੋਸਟ ਰਾਹੀਂ ਸਰਕਾਰ ਦੇ ਹੁਕਮਾਂ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਮੌਲਿਕ ਹੱਕ ਅਤੇ ਦੇਸ਼ ਦੇ ਕਾਨੂੰਨ ਦੀ ਉਲੰਘਣਾ ਕਰਾਰ ਦਿੱਤਾ। ਅਜਿਹੇ ਟਕਰਾ ਦੌਰਾਨ ਸਰਕਾਰ ਦੇ ਵੱਖ-ਵੱਖ ਮੰਤਰੀ ਟਵਿੱਟਰ ਦੀ ਥਾਂ 'ਤੇ 'ਕੂ' ਐਪ ਵਰਤਣ ਲਈ ਪ੍ਰੇਰਿਤ ਕਰ ਰਹੇ ਹਨ। ਤਰਕ ਦਿੱਤਾ ਜਾ ਰਿਹਾ ਹੈ ਕਿ ਭਾਰਤ ਵਿਚ ਟਵਿੱਟਰ ਦੇ 3.5 ਕਰੋੜ ਅਤੇ ਫੇਸਬੁੱਕ ਦੇ 35 ਕਰੋੜ ਖਾਤੇ ਹਨ। ਇਨ੍ਹਾਂ ਵਿਚੋਂ ਦੋਹਾਂ ਦੇ 10-10 ਫੀਸਦੀ ਖਾਤੇ ਜਾਅਲੀ ਹਨ। ਹੁਣ ਤੱਕ 33 ਲੱਖ ਤੋਂ ਵਧੇਰੇ ਲੋਕ 'ਕੂ' ਐਪ ਡਾਊਨਲੋਡ ਕਰ ਚੁੱਕੇ ਹਨ। ਕੁਝ ਮਹੀਨੇ ਪਹਿਲਾਂ ਫੇਸਬੁੱਕ 'ਤੇ ਜਾਅਲੀ ਖ਼ਬਰਾਂ ਅਤੇ ਨਫ਼ਰਤ ਭਰੀਆਂ ਟਿੱਪਣੀਆਂ ਦਾ ਮਾਮਲਾ ਭਖਿਆ ਸੀ ਤਾਂ ਇਸਦੀ ਭਾਰਤੀ ਮੁਖੀ ਨੇ ਅਸਤੀਫ਼ਾ ਦੇ ਦਿੱਤਾ ਸੀ। ਉਦੋਂ ਵੀ




ਸਰਕਾਰ ਨੇ ਅਜਿਹੀਆਂ ਟਿੱਪਣੀਆਂ 'ਤੇ ਰੋਕ ਲਗਾਉਣ ਲਈ ਦਬਾਅ ਪਾਇਆ ਸੀ। ਨਵਾਂ ਮਾਮਲਾ ਵੱਟਸਐਪ ਦੀ ਪ੍ਰਾਈਵੇਸੀ ਪਾਲਿਸੀ ਨਾਲ ਜੁੜਿਆ ਹੈ। ਸੁਪਰੀਮ ਕੋਰਟ ਨੇ ਵੱਟਸਐਪ ਅਤੇ ਸਰਕਾਰ ਦੀ ਚੰਗੀ ਖਿਚਾਈ ਕੀਤੀ ਹੈ। ਮਾਣਯੋਗ ਅਦਾਲਤ ਨੇ ਵੱਟਸਐਪ ਨੂੰ ਨੋਟਿਸ ਜਾਰੀ ਕਰਕੇ ਕਿਹਾ ਹੈ ਕਿ ਤੁਸੀਂ ਖਰਬਾਂ ਡਾਲਰ ਦੀ ਕੰਪਨੀ ਹੋਵੋਗੇ ਪਰ ਲੋਕਾਂ ਦੀ ਨਿੱਜਤਾ ਦੀ ਕੀਮਤ ਇਸਤੋਂ ਜਿਆਦਾ ਹੈ ਅਤੇ ਭਾਰਤੀਆਂ ਦੀ ਨਿੱਜਤਾ ਦੀ ਰਾਖੀ ਸਾਡਾ ਫਰਜ਼ ਹੈ। ਪਟੀਸ਼ਨਰ ਨੇ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਵੱਟਸਐਪ ਨੂੰ ਭਾਰਤੀਆਂ ਦਾ ਡਾਟਾ ਸ਼ੇਅਰ ਕਰਨ ਤੋਂ ਰੋਕਿਆ ਜਾਵੇ।

ਵੱਟਸਐਪ ਨੇ 8 ਫਰਵਰੀ 2021 ਤੱਕ ਸਾਰਿਆਂ ਨੂੰ ਆਪਣੀ ਨਵੀਂ ਪ੍ਰਾਈਵੇਸੀ ਪਲਿਸੀ ਮੰਨਣ ਲਈ ਕਿਹਾ ਸੀ। ਇਸ ਰਾਹੀਂ ਵੱਟਸਐਪ ਨੂੰ ਆਪਣਾ ਡਾਟਾ ਫੇਸਬੁੱਕ ਨਾਲ ਸਾਂਝਾ ਕਰਨ ਦਾ ਅਧਿਕਾਰ ਮਿਲ ਜਾਣਾ ਸੀ। ਜਦ ਇਸ ਬਾਰੇ ਲੋਕਾਂ ਨੂੰ ਪਤਾ ਲੱਗਾ ਤਾਂ ਚੰਗਾ ਵਾਵੇਲਾ ਮੱਚਿਆ। ਲੋਕ ਵੱਟਸਐਪ ਛੱਡ ਕੇ ਸਿਗਨਲ, ਟੈਲੀਗ੍ਰਾਮ ਵੱਲ ਜਾਣ ਲੱਗੇ। ਨਤੀਜੇ ਵਜੋਂ ਵੱਟਸਐਪ ਨੇ ਆਪਣੀ ਨਵੀਂ ਪ੍ਰਾਈਵੇਸੀ ਪਲਿਸੀ 15 ਮਈ ਤੱਕ ਅੱਗੇ ਪਾ ਦਿੱਤੀ। ਪਾਠਕਾਂ ਦੀ ਜਾਣਕਾਰੀ ਹਿੱਤ ਦੱਸਣਾ ਬਣਦਾ ਹੈ ਕਿ ਭਾਰਤ ਵਿਚ ਜਲਦੀ ਹੀ ਡਾਟਾ ਸੁਰੱਖਿਆ ਕਾਨੂੰਨ ਬਣਨ ਵਾਲਾ ਹੈ। ਵੱਟਸਐਪ ਨੇ ਕਿਹਾ ਹੈ ਕਿ ਜੇਕਰ ਅਜਿਹਾ ਕਾਨੂੰਨ ਬਣਦਾ ਹੈ ਤਾਂ ਉਸਦੀ ਇਨਬਿਨ ਪਾਲਣਾ ਕੀਤੀ ਜਾਵੇਗੀ। ਇਕ ਪਾਸੇ ਗੱਲ ਕਹਿਣ ਦੀ, ਪ੍ਰਗਟਾਵੇ ਦੀ ਆਜ਼ਾਦੀ ਦਾ ਮਾਮਲਾ ਹੈ। ਦੂਸਰੇ ਪਾਸੇ ਗੱਲਾਂ ਨੂੰ, ਨਿੱਜਤਾ ਨੂੰ ਛੁਪਾਉਣ ਦਾ ਮਸਲਾ ਹੈ। ਹਰੇਕ ਸਮੇਂ ਦੀ ਆਪਣੀ ਲੜਾਈ ਹੁੰਦੀ ਹੈ। ਕਦੇ ਖੁਲ੍ਹਾ ਖ਼ਤ ਲਿਖਿਆ ਜਾਂਦਾ ਸੀ ਅਤੇ ਪੜ੍ਹਦੇ ਸੁਣਦੇ ਨੂੰ ਵੀ ਸਤਿ ਸ੍ਰੀ ਅਕਾਲ ਬਲਾਈ ਜਾਂਦੀ ਸੀ। ਅੱਜ ਡਰ ਲੱਗਦਾ ਹੈ ਕਿ ਫੋਨ ਕੋਈ ਸੁਣ ਨਾ ਲਵੇ ਅਤੇ ਸੰਦੇਸ਼ ਜਾਂ ਈ ਮੇਲ ਕੋਈ ਪੜ੍ਹ ਨਾ ਲਏ। ਡਾਟਾ ਕੋਈ ਚੁਰਾ ਨਾ ਲਵੇ। ਮਾਹਿਰ ਮੰਨਦੇ ਹਨ ਕਿ ਇੰਟਰਨੈਟ ਮੀਡੀਆ ਦੀਆਂ ਸਰਗਰਮੀਆਂ ਨਿੱਜੀ ਨਹੀਂ ਰਹਿ ਸਕਦੀਆਂ। ਵੱਟਸਐਪ, ਫੇਸਬੁੱਕ, ਟਵਿੱਅਰ ਕਰਮਚਾਰੀਆਂ ਦੀ ਉਨ੍ਹਾਂ 'ਤੇ ਨਜ਼ਰ ਰਹਿੰਦੀ ਹੈ। ਇਸੇ ਲਈ ਬੀਤੇ ਦਿਨੀਂ ਬਹਿਸ ਦੌਰਾਨ ਸੁਪਰੀਮ ਕੋਰਟ ਨੇ ਵੱਟਸਐਪ ਨੂੰ ਕਿਹਾ, "ਤੁਸੀਂ ਲੋਕਾਂ ਦੇ ਮੈਸਜ਼ ਨਹੀਂ ਪੜ੍ਹਦੇ ਇਹ ਲਿਖਤੀ ਰੂਪ ਵਿਚ ਦਿ?।" ਸ਼ੋਸ਼ਲ ਮੀਡੀਆ ਅਤੇ ਸਰਕਾਰਾਂ ਦੇ ਅਧਿਕਾਰਾਂ ਦਾ ਮਾਮਲਾ ਗੰਭੀਰ ਹੁੰਦਾ ਜਾ ਰਿਹਾ ਹੈ। ਦੋਵੇਂ ਇਕ ਦੂਸਰੇ ਨੂੰ ਅੱਖਾਂ ਵਿਖਾਉਣ ਲੱਗੇ ਹਨ। ਕੁਝ ਮੁਲਕਾਂ ਵਿਚ ਫੇਸਬੁੱਕ, ਵੱਟਸਐਪ ਅਤੇ ਯੂ ਟਿਊਬ 'ਤੇ ਪਹਿਲਾਂ ਹੀ ਪਾਬੰਧੀ ਲੱਗੀ ਹੋਈ ਹੈ। ਤਾਜ਼ਾ ਵਿਵਾਦ ਆਸਟਰੇਲੀਆ ਵਿਚ ਛਿੜਿਆ ਹੈ। ਫੇਸਬੁੱਕ ਨੇ ਉਥੇ ਨਿਊਜ਼ ਅਤੇ ਐਮਰਜੈਂਸੀ ਪੋਸਟ ਬੰਦ ਕਰ ਦਿੱਤੀ ਹੈ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਨੇ ਇਸਤੇ ਸਖ਼ਤ ਪ੍ਰਤੀਕਰਮ ਦਿੱਤਾ ਹੈ। ਸਕਾਟ ਮਾਰਿਸਨ ਨੇ ਕਿਹਾ, "ਵੱਡੀਆਂ ਟੈਕ ਕੰਪਨੀਆਂ ਸੋਚਦੀਆਂ ਹਨ ਕਿ ਉਹ ਸਰਕਾਰਾਂ ਤੋਂ ਵੀ ਵੱਡੀਆਂ ਹੋ ਗਈਆਂ ਹਨ ਅਤੇ ਉਨ੍ਹਾਂ 'ਤੇ ਕੋਈ ਨਿਯਮ ਲਾਗੂ ਨਹੀਂ ਹੁੰਦੇ। ਉਹ ਦੁਨੀਆਂ ਨੂੰ ਬਦਲ ਰਹੀਆਂ ਹੋਣਗੀਆਂ ਪਰੰਤੂ ਇਸਦਾ ਅਰਥ ਇਹ ਨਹੀਂ ਹੈ ਕਿ ਉਹ ਹੁਣ ਦੁਨੀਆਂ ਨੂੰ ਚਲਾਉਣਗੀਆਂ ਵੀ।"

ਸਕਾਟ ਨੇ ਇਸ ਸਿਲਸਲੇ ਵਿਚ ਭਾਰਤ, ਕੈਨੇਡਾ, ਇੰਗਲੈਂਡ ਅਤੇ ਫਰਾਂਸ ਦੇ ਪ੍ਰਧਾਨ ਮੰਤਰੀਆਂ ਨਾਲ ਫੋਨ 'ਤੇ ਗੱਲ ਕੀਤੀ ਹੈ। ਮਸਲਾ ਪੈਸੇ ਅਤੇ ਪਾਵਰ ਦਾ ਹੈ। ਮਸਲਾ ਪ੍ਰਾਈਵੇਸੀ ਦਾ ਹੈ। ਮਸਲਾ ਜਾਅਲੀ ਖ਼ਬਰਾਂ ਅਤੇ ਅਫ਼ਵਾਹਾਂ ਦਾ ਹੈ। ਭਾਰਤ ਬਹੁਤ ਜਲਦੀ ਸ਼ੋਸ਼ਲ ਮੀਡੀਆ 'ਤੇ ਸਖ਼ਤੀ ਕਰਨ ਜਾ ਰਿਹਾ ਹੈ। ਆਈ ਟੀ। ਮਹਿਕਮੇ ਨੇ ਖਰੜਾ ਤਿਆਰ ਕਰ ਲਿਆ ਹੈ। ਵਿਦੇਸ਼ੀ ਕੰਪਨੀਆਂ ਨੂੰ ਭਾਰਤ ਵਿਚ ਕੰਪਨੀ ਵਜੋਂ ਰਜਿਸਟਰੇਸ਼ਨ ਲਈ ਕਿਹਾ ਜਾ ਸਕਦਾ ਹੈ। ਇਉਂ ਨਵੇਂ ਕਾਨੂੰਨ ਤਹਿਤ ਸ਼ੋਸ਼ਲ ਮੀਡੀਆ ਦੀ ਮਨਮਰਜ਼ੀ ਨਹੀਂ ਚੱਲੇਗੀ। ਦੂਸਰੇ ਪਾਸੇ ਕੁਝ ਲੋਕਾਂ ਨੂੰ ਖਦਸ਼ਾ ਹੈ ਕਿ ਇਸ ਨਾਲ ਪ੍ਰਗਟਾਵੇ ਦੀ ਆਜ਼ਾਦੀ ਨਹੀਂ ਰਹੇਗੀ। ਭਾਰਤ ਅਤੇ ਆਸਟਰੇਲੀਆ ਵਿਚ ਸਰਕਾਰਾਂ ਅਤੇ ਸ਼ੋਸ਼ਲ ਮੀਡੀਆ ਦੇ ਆਹਮਣੇ-ਸਾਹਮਣੇ ਆਉਣ ਨਾਲ ਪੂਰੀ ਦੁਨੀਆਂ ਵਿਚ ਬਹਿਸ ਛਿੜ ਪਈ ਹੈ। ਇਕ ਪਾਸੇ ਫੇਸਬੁੱਕ, ਟਵਿੱਟਰ, ਵੱਟਸਐਪ ਜਿਹੀਆਂ ਕੰਪਨੀਆਂ ਪੁਨਰ-ਵਿਚਾਰ ਕਰਨ ਲੱਗੀਆਂ ਹਨ। ਦੂਸਰੇ ਪਾਸੇ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਨਵੇਂ ਕਾਨੂੰਨ ਲਿਆਉਣ ਸਬੰਧੀ ਸੋਚ ਰਹੀਆਂ ਹਨ। ਜਿੱਥੇ ਪਹਿਲਾਂ ਹੀ ਸਖ਼ਤ ਕਾਨੂੰਨ ਹਨ ਉਥੇ ਇਨ੍ਹਾਂ ਕੰਪਨੀਆਂ ਦਾ ਵਿਵਹਾਰ ਡਰਾਉਣ ਧਮਕਾਉਣ ਵਾਲਾ ਨਹੀਂ ਹੈ। ਯੂਰਪ ਦੇ ਕਈ ਮੁਲਕਾਂ ਦੀ ਉਦਾਹਰਨ ਵੇਖੀ ਜਾ ਸਕਦੀ ਹੈ। ਦਰਅਸਲ ਆਸਟਰੇਲੀਆ ਵਿਚ ਵੀ ਫੇਸਬੁੱਕ ਨੇ ਤਿੱਖੇ ਤੇਵਰ ਇਸ ਲਈ ਵਿਖਾਏ ਹਨ ਕਿਉਂ ਜੋ ਸਰਕਾਰ ਕਾਨੂੰਨ ਬਨਾਉਣ ਜਾ ਰਹੀ ਹੈ ਕਿ ਕਿਸੇ ਵੀ ਨਿਊਜ਼ ਸਮੱਗਰੀ ਲਈ ਫੇਸਬੁੱਕ ਦੁਆਰਾ ਮੀਡੀਆ ਅਦਾਰੇ ਨੂੰ ਅਦਾਇਗੀ ਕਰਨੀ ਹੋਵੇਗੀ। ਕਾਨੂੰਨ ਬਣਨ ਤੋਂ ਪਹਿਲਾਂ ਹੀ ਦਬਾਅ ਬਨਾਉਣ ਵਾਸਤੇ ਫੇਸਬੁੱਕ ਨੇ ਨਿਊਜ਼ ਸਮੱਗਰੀ 'ਤੇ ਪਾਬੰਧੀ ਲਗਾ ਦਿੱਤੀ ਹੈ। ਆਉਣ ਵਾਲੇ ਦਿਨਾਂ ਦੌਰਾਨ ਮਾਮਲਾ ਕੀ ਕਰਵਟ ਲੈਂਦਾ ਹੈ। ਦੁਨੀਆਂ ਦੀਆਂ ਨਜ਼ਰਾਂ ਇਸਤੇ ਲੱਗੀਆਂ ਹੋਈਆਂ ਹਨ। ਸੱਚਮੁੱਚ ਫੇਸਬੁੱਕ, ਟਵਿੱਟਰ, ਵੱਟਸਐਪ ਜਿਹੀਆਂ ਕੰਪਨੀਆਂ ਏਨੀਆਂ ਤਾਕਤਵਰ ਹੋ ਗਈਆਂ ਹਨ ਕਿ ਇਕ ਪਾਸੇ ਇਨ੍ਹਾਂ ਨੇ ਕਰੋੜਾਂ ਲੋਕਾਂ ਨੂੰ ਆਪਣੇ ਨਾਲ ਜੋੜਿਆ ਹੋਇਆ ਹੈ। ਦੂਸਰੇ ਪਾਸੇ ਦੁਨੀਆਂ ਦੇ ਵੱਡੇ ਮੁਲਕਾਂ ਦੀਆਂ ਸਰਕਾਰਾਂ ਨਾਲ ਦਸਤਪੰਜਾ ਲੈਣ ਲੱਗੀਆਂ ਹਨ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

48 YEARS OF EXCELLENCE 1973 THE LINK GROUP 2020
PUNJAB LINK ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM

Rakesh Puri 604-377-4085
Lalit (Nitu) 604-339-1599
Amarjit Singh 778-908-0523
Arya Bhalla 778-788-2429
Hardam S. Maan 604-308-6663
Shashi Madan 604-367-5611
Shirin Mitha 604-614-9165
www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਫਰਵਰੀ 2021 ਮਹੀਨੇ ਦੀ ਮੀਟਿੰਗ ਕੌਮਾਂਤਰੀ ਮਾਂ ਬੋਲੀ ਦਿਵਸ ਨੂੰ ਰਹੀਂ ਸਮਰਪਿਤ

## ਕਿਸਾਨੀ ਅੰਦੋਲਨ ਨਾਲ ਸਬੰਧਤ ਰਚਨਾਵਾਂ ਸਹਿਤ ਹੋਈ ਵਿਚਾਰ ਚਰਚਾ !

ਪੰਜਾਬੀ ਲਿਖਾਰੀ ਸਭਾ ਕੈਲਗਰੀ ਆਪਣੀ ਮਹੀਨਾਵਾਰ ਮੀਟਿੰਗ ਜ਼ੂਮ ਦੇ ਮਾਧਿਅਮ ਰਾਹੀਂ ਨਿਰਵਿਘਨ ਕਰਦੀ ਆ ਰਹੀ ਹੈ ਫਰਵਰੀ ਮਹੀਨੇ ਦੀ ਮੀਟਿੰਗ ਵਿਚ ਭਾਗ ਲੈਣ ਵਾਲੇ ਬੁਲਾਰਿਆਂ ਦੀ ਗਿਣਤੀ ਵਿੱਚ ਹੋਰ ਵੀ ਵਾਧਾ ਦੇਖਣ ਨੂੰ ਮਿਲਿਆ ਮੀਟਿੰਗ ਦੇ ਆਗਾਜ਼ ਵਿੱਚ ਮੀਤ ਪ੍ਰਧਾਨ ਬਲਵੀਰ ਗੋਰਾ ਨੇ ਸਭ ਨੂੰ ਜੀ ਆਇਆਂ ਆਖਿਆ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੇ ਅਗਲੀ ਕਾਰਵਾਈ ਸ਼ੁਰੂ ਕਰਦਿਆਂ ਭਾਵੁਕ ਸ਼ਬਦਾਂ ਵਿਚ ਸ਼ੋਕ ਮਤੇ ਸਾਂਝੇ ਕੀਤੇ ਜਿਨ੍ਹਾਂ ਵਿਚ ਪਹਿਲਾਂ ਜ਼ਿਕਰ ਲੇਖਕ ਤੇ ਫ਼ਿਲਮ ਨਿਰਦੇਸ਼ਕ ਦਰਵੇਸ਼ ਦਰਸ਼ਨ,ਥੀਏਟਰ ਨਾਲ ਸਬੰਧਤ ਬਹੁਪੱਖੀ ਸ਼ਖ਼ਸੀਅਤ ਡਾ ਦਰਸ਼ਨ ਬੜੀ ਦੇ ਇਲਾਵਾ ਚਰਨਪਾਲ ਗਿੱਲ ਜਿਨ੍ਹਾਂ 'ਫਾਰਮਰਸ ਫਾਰਮ ਵਰਕਰ ਯੂਨੀਅਨ' ਬਣਾ ਕੇ ਵਰਕਰਾਂ ਦੇ ਹੱਕਾਂ ਲਈ ਸੰਘਰਸ਼ ਕੀਤਾ, ਨਸਲਵਾਦ ਵਿਰੋਧੀ ਸੰਘਰਸ਼ ਕਮੇਟੀ ਦੀ ਅਗਵਾਈ ਕੀਤੀ, ਬਜ਼ੁਰਗਾਂ ਦੀ ਸਹੂਲਤ ਲਈ 'ਨਾਨ ਪ੍ਰਾਫਿਟ ਗੁਰੂ ਨਾਨਕ' ਸੀਨੀਅਰ ਹੋਮ ਬਣਾਇਆ,ਉਹ ਦੋ ਫਰਵਰੀ ਨੂੰ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਇਸ ਫਾਨੀ ਜਹਾਨ ਨੂੰ ਅਲਵਿਦਾ ਆਖ ਗਏ ਪੰਜਾਬੀ ਲਿਖਾਰੀ ਸਭਾ ਦੀ ਪੂਰੀ ਕਮੇਟੀ ਵੱਲੋਂ ਇਨ੍ਹਾਂ ਸ਼ਖ਼ਸੀਅਤਾਂ ਨੂੰ ਸ਼ਰਧਾ ਦੇ ਅਕੀਦੇ ਭੇਟ ਕੀਤੇ ਗਏ ਕਿਸਾਨੀ ਸੰਘਰਸ਼ ਵਿਚ ਸ਼ਹੀਦ ਹੋਏ ਅੰਦੋਲਨਕਾਰੀਆਂ ਦੀ ਸ਼ਹਾਦਤ ਨੂੰ ਪ੍ਰਣਾਮ ਕੀਤਾ ਨੌਦੀਪ ਕੌਰ ਤੇ ਦਿਸ਼ਾ ਰਵੀ ਪ੍ਰਤੀ ਸਰਕਾਰ ਦੀ ਵਧੀਕੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਤੇ ਉਨ੍ਹਾਂ ਦੀ ਰਿਹਾਈ ਦੀ ਮੰਗ ਵੀ ਕੀਤੀ ਗਈ ਬਲਜਿੰਦਰ ਸੰਘਾ ਨੇ ਚਰਨਪਾਲ ਗਿੱਲ ਬਾਰੇ ਹੋਰ ਵਿਸਥਾਰ ਚ ਜਾਣਕਾਰੀ ਸਾਝੀ ਕੀਤੀ ਤੇ 'ਦੋਸਤ ਲਈ ਦੁਆ' ਤੇ 'ਮੀਡੀਆ' ਕਵਿਤਾਵਾਂ ਵੀ ਸਾਂਝੀਆਂ ਕੀਤੀਆਂ ਗੁਰਚਰਨ ਕੌਰ ਥਿੰਦ ਨੇ ਪੰਜਾਬੀ ਭਾਸ਼ਾ ਦਾ ਇਤਿਹਾਸ ਤੇ 'ਨਜ਼ਾਰਾ' ਕਵਿਤਾ,ਹਰੀਪਾਲ ਨੇ ਇਤਿਹਾਸ ਬਿਆਨ ਕਰਦੀ ਪੰਜਾਬੀ ਬੋਲੀ ਨੂੰ ਸਮਰਪਤ 'ਮੇਰੀ ਜ਼ੁਬਾਨ' ਕਵਿਤਾ,ਸੁਖਵਿੰਦਰ ਤੂਰ ਨੇ ਤਰੰਨਮ ਚ 'ਹੂਰਪਰੀ, ਗੀਤ, ਪਰਮਿੰਦਰ ਰਮਨ ਨੇ 'ਮਾਂ ਬੋਲੀ',ਸੁਖਜੀਤ ਨੇ 'ਚੀਂ-ਚੀਂ ਕਰਦੀਆਂ ਚਿੜੀਆਂ' ਤੇ 'ਮੇਰੇ ਰੱਬ ਲਈ', ਹਰਕੰਵਲ ਸਾਹਿਲ ਨੇ 'ਖਿੜੇ ਬੋਲ', ਸ਼ਿਵ ਕੁਮਾਰ ਸ਼ਰਮਾ ਨੇ 'ਵਾਹ ਨੀ ਪੰਜਾਬੀਏ', ਜਸਵੀਰ ਸਹੋਤਾ ਨੇ 'ਬਸੰਤ ਪੰਚਮੀ', ਮਹਿੰਦਰਪਾਲ ਐਸ ਪਾਲ ਨੇ 'ਰੁਬਾਈ' ਤੇ ਬਹੁਤ ਖ਼ੂਬਸੂਰਤ ਕਵਿਤਾ 'ਮਾਂ ਬੋਲੀ ਪੰਜਾਬੀ', ਹਰਮਿੰਦਰ ਚੁੱਘ ਨੇ ਨੰਦ ਲਾਲ ਨੂਰਪੁਰੀ ਦੀ ਕਵਿਤਾ 'ਮੈਂ ਵਤਨ ਦਾ ਸ਼ਹੀਦ ਹਾਂ' ਗਾ ਕੇ ਸੁਣਾਈ ਜੋ ਕਿਸਾਨੀ ਅੰਦੋਲਨ ਚ ਸ਼ਹੀਦ ਹੋਏ ਸੰਘਰਸ਼ਕਾਰੀਆਂ ਦੇ ਨਾਮ ਸੀ ਕਿਸਾਨੀ ਅੰਦੋਲਨ ਤੇ ਮਾਂ ਬੋਲੀ ਨੂੰ ਸਮਰਪਤ ਅਗਲੀਆਂ ਰਚਨਾਵਾਂ ਵਿਚ ਸਰਬਜੀਤ ਉੱਪਲ ਨੇ 'ਮਾਂ ਧੀ ਰੋਟੀ',ਗੁਰਦੀਸ਼ ਗਰੇਵਾਲ ਨੇ 'ਮਾਂ ਮੇਰੀ' ਤੇ ਕਿਸਾਨੀ ਸੰਘਰਸ਼ ਬਾਰੇ 'ਮੈਂ ਤੇਰੇ ਲਈ ਅੰਨ ਉਗਾਵਾਂ', ਮੰਗਲ ਚੱਠਾ ਨੇ ਚੀਨ ਬਾਰਡਰ ਤੇ ਦਿੱਲੀ ਬਾਰਡਰ ਤੇ ਬੈਠੇ ਪਿਓ ਪੁੱਤ ਦਾ ਵਾਰਤਾਲਾਪ ਬੜੇ ਹੀ ਖ਼ੂਬਸੂਰਤ ਢੰਗ ਨਾਲ ਕਵਿਤਾ ਰਾਹੀਂ ਸੁਣਾਇਆ ਸਰਵਣ ਸਿੰਘ ਸੰਧੂ ਨੇ 'ਪੰਜਾਬੀਆਂ ਦੇ ਨਾਂ' ਤੇ 'ਕੰਮ ਸਾਂਭ ਲਓ ਸਾਰੇ' ਰਚਨਾਵਾਂ,ਜੋਰਾਵਰ ਬਾਂਸਲ ਨੇ ਜਗਤਾਰ ਸਾਲਮ ਦੀ ਗਜ਼ਲ 'ਨਾ ਮੈ ਤਲਵਾਰ ਦਿਆਂ' ਅਤੇ ਮੀਤ ਪ੍ਰਧਾਨ ਬਲਬੀਰ ਗੋਰਾ ਨੇ 'ਮਹਾਂਪੰਚਾਇਤਾਂ ਵਿਚ ਗੱਲਾਂ ਹੁੰਦੀਆਂ' ਕਿਸਾਨੀ ਸੰਘਰਸ਼ ਨਾਲ ਸਬੰਧਤ ਗੀਤ ਸੁਣਾਇਆ ਜਗਦੀਪ ਸਿੱਧੂ ਨੇ ਰਜਬ ਅਲੀ ਖ਼ਾਨ ਦੀਆਂ ਨਜ਼ਮਾਂ ਸੁਣਾਈਆਂ ਤੇ ਸ਼ਾਹਮੁਖੀ ਨੂੰ ਸਿੱਖਣ ਦੀ ਗੱਲ ਵੀ ਕੀਤੀ,ਲਾਇਬਰੇਰੀ ਤੇ ਪਾਠਕਾਂ ਦਾ ਚਿੰਤਨ ਕਰਦਿਆਂ ਇਸ ਨੂੰ ਪ੍ਰਫੁੱਲਤ ਕਰਨ ਲਈ ਉਪਰਾਲਾ ਕਰਨ ਲਈ ਵੀ ਕਿਹਾ ਜਿਸ ਚ ਸਹਿਯੋਗ ਦੇਣ ਲਈ ਸਾਰੇ ਹਾਜ਼ਰੀਨ ਨੇ ਹਾਮੀ ਭਰੀ ਸਾਰੀ ਮੀਟਿੰਗ ਹੀ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਰਹੀ ਤੇ ਕਿਸਾਨੀ ਸੰਘਰਸ਼ ਉੱਤੇ ਡੂੰਘੀਆਂ ਵਿਚਾਰਾਂ ਹੋਈਆਂ ਅਖੀਰ ਵਿੱਚ ਮੀਤ ਪ੍ਰਧਾਨ ਬਲਵੀਰ ਗੋਰਾ ਨੇ ਮੀਟਿੰਗ ਨੂੰ ਕਾਮਯਾਬ ਬਣਾਉਣ ਲਈ ਹਾਜ਼ਰ ਬੁੱਧੀਜੀਵੀਆਂ ਦਾ ਧੰਨਵਾਦ ਕੀਤਾ ਤੇ ਅਗਲੀ ਮੀਟਿੰਗ ਜੋ ਇੱਕੀ ਮਾਰਚ ਨੂੰ ਜ਼ੂਮ ਦੇ ਮਾਧਿਅਮ ਰਾਹੀਂ ਹੋਏਗੀ ਉਸ ਵਿਚ ਹਾਜ਼ਰ ਹੋਣ ਲਈ ਅਪੀਲ ਕੀਤੀ ਸਭਾ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਪ੍ਰਧਾਨ ਦਵਿੰਦਰ ਮਲਹਾਂਸ ਨੂੰ4039932201 ਤੇ ਜਨਰਲ ਸਕੱਤਰ ਜ਼ੋਰਾਵਰ ਬਾਂਸਲ 5874377805 ਨੂੰ ਸੰਪਰਕ ਕੀਤਾ ਜਾ ਸਕਦਾ ਹੈ।




# ਐਨ.ਆਰ.ਆਈ. ਦੀ ਕੋਠੀ ਵਿੱਚੋਂ 12.5 ਲੱਖ ਤੇ 80 ਗਰਾਮ ਹੈਰੋਇਨ ਮਿਲੀ

ਪਟਿਆਲਾ-ਇਸ ਸ਼ਹਿਰ ਦੀ ਨਾਭਾ ਰੋਡ ਦੀ ਮਜੀਠੀਆ ਇਨਕਲੇਵ ਵਿੱਚ ਇੱਕ ਐਨ ਆਰ ਆਈ ਦੀ ਕੋਠੀ ਵਿੱਚੋਂ ਐਂਟੀ ਨਾਰਕੋਟਿਕਸ ਸੈਲ ਦੀ ਟੀਮ ਨੇ ਛਾਪਾ ਮਾਰ ਕੇ 80 ਗਰਾਮ ਹੈਰੋਇਨ ਅਤੇ 12 ਲੱਖ ਪੰਜਾਹ ਹਜ਼ਾਰ ਰੁਪਏ ਕੈਸ਼ ਬਰਾਮਦ ਕੀਤਾ ਹੈ। ਇਹ ਛਾਪੇਮਾਰੀ ਸ਼ੁੱਕਰਵਾਰ ਦੁਪਹਿਰ ਵੇਲੇ ਹੋਈ ਸੀ ਅਤੇ ਦੋ ਦਿਨ ਤੱਕ ਚੱਲੀ ਸਰਚ ਦੇ ਦੌਰਾਨ ਇਹ ਰਿਕਵਰੀ ਹੋਈ ਹੈ। ਇਸ ਮਾਮਲੇ ਵਿੱਚ ਪੁਲਸ ਨੇ ਕੋਠੀ ਵਿੱਚ ਕਿਰਾਏਦਾਰ ਦੇ ਤੌਰ ਉੱਤੇ ਪਿੰਡ ਗਾਜੀਪੁਰ ਸਮਾਣਾ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ, ਪਰ ਅਜੇ ਦੋਸ਼ੀ ਫਰਾਰ ਹਨ। ਇਲਾਕੇ ਵਿੱਚ ਚਰਚਾ ਹੈ ਕਿ ਮੌਕੇ ਤੋਂ ਮਿਲੀ ਰਕਮ ਵੱਧ ਸੀ, ਪਰ ਅਜੇ ਇਸ ਦੀ ਪੁਸ਼ਟੀ ਨਹੀਂ ਹੋਈ। ਐਸ ਐਸ ਪੀ ਵਿਕਰਮਜੀਤ ਦੁੱਗਲ ਨੇ ਕਿਹਾ ਕਿ ਇਸ ਮਾਮਲੇ ਵਿੱਚ ਡੀ ਐਸ ਪੀ ਕ੍ਰਿਸ਼ਨ ਕੁਮਾਰ ਪੈਂਥੇ ਦੀ ਨਿਗਰਾਨੀ ਵਿੱਚ ਟੀਮ ਕਾਰਵਾਈ ਕਰ ਰਹੀ ਹੈ। ਹਾਲੇ ਪੜਤਾਲ ਜਾਰੀ ਹੈ। ਜਾਂਚ ਦੇ ਦੌਰਾਨ ਜੋ ਵੀ ਸਬੂਤ ਮਿਲਣਗੇ, ਉਸ ਦੇ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਏਗੀ। ਇਸ ਦੌਰਾਨ ਭਾਰਤ-ਪਾਕਿ ਸੀਮਾ ਉੱਤੇ ਬੀ ਓ ਪੀ ਚੰਦੂ ਵਡਾਲਾ ਨੇੜਿਉਂ ਬੀ ਐਸ ਐਫ ਅਤੇ ਐਸ ਟੀ ਐਫ ਨੇ ਕੱਲ੍ਹ ਚਾਰ ਕਿਲੋ 200 ਗਰਾਮ ਹੈਰੋਇਨ, ਇੱਕ ਤੀਹ ਬੋਰ ਚਾਈਨਾ ਮੇਡ ਪਿਸਤੌਲ ਅਤੇ ਇੱਕ ਮੈਗਜੀਨ ਬਰਾਮਦ ਕੀਤੀ ਹੈ। ਫਿਰੋਜ਼ਪੁਰ ਸੈਕਟਰ ਵਿੱਚ ਬੀ ਐਸ ਐਫ ਜਵਾਨਾਂ ਨੇ ਟਰੈਕਟਰ ਵਿੱਚ ਲੁਕਾਈ 895 ਗ੍ਰਾਮ ਹੈਰੋਇਨ ਲੱਭੀ ਹੈ।



AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

"ਆਪਣੇ ਭਾਈਚਾਰੇ ਦਾ ਮਾਣ"
NOW OPEN 2ND LOCATION IN
ABBOTSFORD
UNIT #4, 2599 CEDAR PARK, PLACE
ABOVE MONA CLOTH HOUSE
PH: 604.615.8731

I.C.B.C. Claims
• No Win No Fee

Criminal Law
• Homicide and Attempted Homicide
• Extradition Matters
• Drug Offences
• Assaults
• Sexual Assaults
• Drinking and Driving Offences
• Theft and Robbery
• Offences relating to Prostitution

Divorce Cases


Immigration Law
• Immigration Appeals
• Overseas sponsorships of spouses, dependant children and parents
• Inland sponsorships of spouses, dependant children and parents
• Provincial Nominee Programs (PNP)
• Skilled Worker category
• Self-Employed
• Investor and Entrepreneur Immigration
• Work-Permits

Real Estate
• Commercial and Real Estate
• Purchase and Sale of Property
• Financing and Refinancing
• Mortgages First and Subsequent

• ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
• ਕ੍ਰਿਮਨਲ ਲਾਅ • ਡਾਈਵੋਰਸ ਕੇਸ
• ਇਮੀਗ੍ਰੇਸ਼ਨ ਲਾਅ • ਰੀਅਲ ਐਸਟੇਟ

FREE Consultation
604.543.3886
Moved to New Location
13025 - 80TH AVE.,
SURREY

SINGH THIND & ASSOCIATES
BARRISTERS & SOLICITORS



# ਜੋਅ ਬਾਇਡੇਨ ਵੱਲੋਂ ਨਾਮਜ਼ਦ ਕੀਤੀ ਨੀਰਾ ਟੰਡਨ ਦੋਸ਼ਾਂ ਵਿਚ ਘਿਰੀ

## ‘ਸੈਨੇਟ ਵਿਚ ਨਾਮਜ਼ਦਗੀ ਪਾਸ ਹੋਣ ਅੱਗੇ ਸੰਕਟ ਖੜਾ

ਵਾਸ਼ਿੰਗਟਨ-ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਵੱਲੋਂ ਵ੍ਹਾਈਟ ਹਾਊਸ ਦੇ ਪ੍ਰਬੰਧ ਅਤੇ ਬੱਜਟ ਦਫਤਰ ਦੇ ਡਾਇਰੈਕਟਰ ਲਈ ਨਾਮਜ਼ਦ ਭਾਰਤੀ-ਅਮਰੀਕੀ ਮਹਿਲਾ ਨੀਰਾ ਟੰਡਨ ਦੀ ਨਿਯੁਕਤੀ ਦੀ ਸੈਨੇਟ ਵਿਚ ਪੁਸ਼ਟੀ ਉੱਤੇ ਸੰਕਟ ਦੇ ਬੱਦਲ ਛਾ ਗਏ ਹਨ। ਰਿਪਬਲਿਕਨ ਪਾਰਟੀ ਦੇ 3 ਪਾਰਲੀਮੈਂਟ ਮੈਂਬਰਾਂ ਅਤੇ ਘੱਟੋ-ਘੱਟ ਇਕ ਡੈਮੋਕ੍ਰੇਟਿਕ ਪਾਰਟੀ ਦੇ ਪਾਰਲੀਮੈਂਟ ਮੈਂਬਰ ਨੇ ਉਨ੍ਹਾਂ ਦੇ ਖਿਲਾਫ ਵੋਟਿੰਗ ਕਰਨ ਦਾ ਫੈਸਲਾ ਕੀਤਾ ਹੈ। ਇਸ ਫੈਸਲੇ ਦੇ ਲਈ ਉਨ੍ਹਾਂ ਨੇ ਨੀਰਾ ਟੰਡਨ ਵੱਲੋਂ ਸੋਸ਼ਲ ਮੀਡੀਆ ਉੱਤੇ ਕੀਤੇ ਵਿਹਾਰ ਦਾ ਹਵਾਲਾ ਦਿੱਤਾ ਹੈ। ਵਰਨਣ ਯੋਗ ਹੈ ਕਿ ਨੀਰਾ ਟੰਡਨ ਨੇਸੁਣਵਾਈ ਪ੍ਰਕਿਰਿਆ ਸ਼ੁਰੂ ਹੋਣ ਤੋਂ ਪਹਿਲਾਂ ਕਰੀਬ ਇੱਕ ਹਜ਼ਾਰ ਤੋਂ ਵੱਧ ਟਵੀਟਸ ਡਿਲੀਟ ਕਰਦਿੱਤੇ ਸਨ। ਇਸ ਮਹੀਨੇ ਦੇ ਸ਼ੁਰੂ ਵਿਚ ਆਪਣੇ ਨਾਂ ਦੀ ਪੁਸ਼ਟੀ ਦੀ ਸੁਣਵਾਈ ਹੋਣ ਦੌਰਾਨ ਨੀਰਾ ਨੇਆਪਣੀਆਂ ਸੋਸ਼ਲ ਮੀਡੀਆ ਟਿੱਪਣੀਆਂ ਲਈਸੈਨੇਟਰਾਂ ਤੋਂ ਮੁਆਫੀ ਵੀ ਮੰਗੀ ਸੀ। ਵ੍ਹਾਈਟ ਹਾਊਸ ਨੇ ਅੱਜ ਸੋਮਵਾਰ ਨੂੰ ਕਿਹਾ ਕਿ ਡੈਮੋਕ੍ਰੇਟ ਅਤੇ ਰਿਪਬਲਿਕਨ ਪਾਰਲੀਮੈਂਟ ਮੈਂਬਰਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਤਾਂ ਕਿ ਨੀਰਾ ਟੰਡਨ ਦੇ ਨਾਂ ਦੀ ਪੁਸ਼ਟੀ ਹੋ ਸਕੇ ਵ੍ਹਾਈਟ ਹਾਊਸ ਦੀ ਪ੍ਰੈੱਸ ਸੈਕਟਰੀ ਜੇਨ ਸਾਕੀ ਨੇ ਡੇਲੀ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਸਾਡਾ ਯਤਨ ਨਾ ਸਿਰਫ ਰਿਪਬਲਿਕਨ ਪਾਰਲੀਮੈਂਟ ਮੈਂਬਰਾਂ ਨਾਲ ਸੰਪਰਕ ਕਰਨ ਦਾ ਹੈ, ਸਗੋਂ ਇਹ ਯਕੀਨੀ ਕਰਨ ਦਾ ਵੀ ਹੈ ਕਿ ਜਿਨ੍ਹਾਂ ਡੈਮੋਕ੍ਰੇਟਿਕ ਮੈਂਬਰਾਂ ਕੋਲ ਸਵਾਲ ਅਤੇ ਚਿੰਤਾਵਾਂ ਹਨ, ਉਨ੍ਹਾਂ ਦਾ ਵੀ ਜਵਾਬ ਦਿੱਤਾ ਜਾਵੇ।




ਰਿਬਲਿਕਨ ਪਾਰਲੀਮੈਂਟ ਮੈਂਬਰ ਰਾਬ ਪੋਰਟਮੈਨ ਨੇ ਸੁਣਵਾਈ ਪ੍ਰਕਿਰਿਆ ਮੌਕੇ ਨੀਰਾ ਟੰਡਨ ਦੇ ਖਿਲਾਫ ਵੋਟਿੰਗ ਦਾ ਐਲਾਨ ਕੀਤਾ ਅਤੇ 2 ਹੋਰ ਪਾਰਲੀਮੈਂਟ ਮੈਂਬਰਾਂ ਸੁਜ਼ਨ ਕਾਲਿਨਸ ਅਤੇ ਮਿਟ ਰੋਮਨੀ ਨੇ ਵੀ ਉਨ੍ਹਾਂ ਦੇ ਖਿਲਾਫ ਵੋਟਿੰਗ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਵੈਸਟ ਵਰਜੀਨੀਆ ਦੇ ਸੈਨੇਟਰ ਜੋਅ ਮਾਨਚਿਨ ਨੇ ਟੰਡਨ ਦੇ ਨਾਂ ਦੀ ਪੁਸ਼ਟੀ ਦਾ ਵਿਰੋਧ ਕੀਤਾ ਸੀ। ਉਹ ਏਦਾਂ ਕਰਨ ਵਾਲੇ ਪਹਿਲੇ ਡੈਮੋਕ੍ਰੇਟਿਕ ਪਾਰਲੀਮੈਂਟ ਮੈਂਬਰ ਹਨ। ਸੈਨੇਟ ਵਿਚ ਡੈਮੋਕ੍ਰੇਟ ਦੇ 50 ਤੇ ਰਿਪਬਲਿਕਨ ਪਾਰਟੀ ਦੇ ਵੀ 50 ਮੈਂਬਰ ਹੀ ਹਨ। ਰਾਬ ਪੋਰਟਮੈਨ ਦਾ ਦੋਸ਼ ਹੈ ਕਿ ਨੀਰਾ ਟੰਡਨ ਦਾ ਜਿਹੜਾ ਵਿਹਾਰ ਰਿਹਾ ਅਤੇ ਜਨਤਕ ਪੱਧਰ ਉੱਤੇ ਉਸ ਨੇ ਜਿਹੜੇ ਬਿਆਨ ਦਿੱਤੇ ਹਨ, ਉਨ੍ਹਾਂ ਦੇ ਕਾਰਨ ਉਹ ਆਪਣੀ ਭੂਮਿਕਾ ਵਿਚ ਦੋਵਾਂ ਪਾਰਟੀਆਂ ਨਾਲ ਮਿਲ ਕੇ ਪ੍ਰਭਾਵੀ ਤਰੀਕੇ ਨਾਲ ਕੰਮ ਨਹੀਂ ਕਰ ਸਕੇਗੀ।


ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ **9-1-1**'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart &Stroke™

With the support of

BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.


# ਨਸਲੀ ਟਿਪਣੀ ਕਾਰਨ ਘਸੁੰਨ ਮਾਰ ਕੇ ਤੋੜ ਦਿੱਤਾ ਸੀ ਦੋਸਤ ਦਾ ਨੱਕ-ਬਰਾਕ ਓਬਾਮਾ

ਵਾਸ਼ਿੰਗਟਨ-ਨਸਲੀ ਮਾਮਲਿਆਂਵਿੱਚ ਹਮੇਸ਼ਾ ਸੰਵੇਦਨਸ਼ੀਲ ਰਹਿਣ ਵਾਲੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਆਪਣਾ ਪੁਰਾਣਾ ਸਮਾਂ ਯਾਦ ਕਰਦੇ ਹੋਏ ਦੱਸਿਆ ਕਿ ਪੜ੍ਹਾਈ ਦੌਰਾਨ ਉਨ੍ਹਾਂ ਨੇ ਇੱਕ ਵਾਰ ਆਪਣੇ ਇੱਕ ਦੋਸਤ ਦਾ ਨਸਲੀ ਟਿਪਣੀ ਕਾਰਨ ਨੱਕ ਤੋੜ ਦਿੱਤਾ ਸੀ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਓਬਾਮਾ ਨੇ ਕਿਹਾ ਕਿ ‘ਜਦ ਮੈਂ ਸਕੂਲਪੜ੍ਹਦਾ ਸੀ ਤਾਂ ਮੇਰਾ ਇਕ ਦੋਸਤ ਮੇਰੇ ਨਾਲ ਬਾਸਕਬਾਲ ਖੇਡਦਾ ਸੀ, ਉਸ ਨੇ ਲਾਕਰ ਰੂਮ ਵਿੱਚ ਹੋਈ ਲੜਾਈਵੇਲੇ ਨਸਲੀ ਟਿਪਣੀ ਕਰ ਦਿੱਤੀ। ਉਸ ਦੀ ਟਿੱਪਣੀ ਸੁਣ ਕੇ ਮੈਨੂੰ ਗੁੱਸਾ ਆ ਗਿਆ ਅਤੇ ਮੈਂ ਘਸੁੰਨ ਮਾਰ ਕੇ ਉਸ ਦਾਨੱਕ ਤੋੜ ਦਿੱਤਾ। ਉਨ੍ਹਾਂਦੱਸਿਆ ਕਿ ਇਸ ਤੋਂ ਬਾਅਦ ਉਨ੍ਹਾਂ ਅਤੇ ਉਨ੍ਹਾਂ ਦੇ ਦੋਸਤ ਦੋਵਾਂ ਨੂੰ ਕਮਰੇਵਿੱਚ ਬੰਦ ਕਰ ਦਿੱਤਾਗਿਆ ਤੇ ਸਜ਼ਾ ਵੀ ਮਿਲੀ। ਓਬਾਮਾ ਨੇ ਕਿਹਾ ਕਿ ‘ਉਸ ਸਮੇਂ ਮੇਰੇ ਦੋਸਤ ਨੂੰ ਇਸ ਦਾ ਮਤਲਬ ਨਹੀਂ ਸੀ ਪਤਾ, ਪਰ ਉਹ ਸਿਰਫ ਜਾਣਦਾ ਸੀ ਕਿ ਇਸ ਸ਼ਬਦ ਨਾਲ ਉਹ ਮੈਨੂੰ ਦੁਖੀ ਕਰ ਸਕਦਾ ਹੈ। ਓਬਾਮਾ ਆਪਣੇ ਰਾਸ਼ਟਰਪਤੀ ਹੋਣ ਵੇਲੇ ਤੇ ਉਸ ਤੋਂ ਬਾਅਦ ਹਮੇਸ਼ਾ ਨਸਲੀ ਮੁੱਦਿਆਂ ਬਾਰੇ ਕਾਫੀ ਸੰਵੇਦਨਸ਼ੀਲ ਅਤੇ ਜਾਗਰੂਕ ਰਹੇ ਹਨ ਅਤੇ ਇਸ ਮੁੱਦੇ ਉੱਤੇ ਅਮਰੀਕੀ ਸਮਾਜਵਿੱਚ ਕਾਫੀ ਸਰਗਰਮ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ‘ਜਿਥੇ ਤੱਕ ਮੈਨੂੰ ਯਾਦ ਹੈ, ਮੈਂ ਉਸ ਦੇ ਮੂੰਹ ਉੱਤੇ ਜ਼ੋਰਦਾਰ ਘਸੁੰਨ ਮਾਰਿਆ ਤੇ ਉਸ ਦਾ ਨੱਕ ਤੋੜ ਦਿੱਤਾ। ਮੈਂ ਆਪਣੇ ਦੋਸਤ ਨੂੰ ਕਿਹਾ ਕਿ ਮੈਨੂੰ ਏਦਾਂ ਦੇ ਸ਼ਬਦ ਨਹੀਂ ਕਹਿਣੇ। ਬਰਾਕ ਓਬਾਮਾ ਨੇ ਸ਼ਾਇਦ ਪਹਿਲੀ ਵਾਰ ਇਹ ਘਟਨਾ ਦੱਸੀ ਹੈ। ਕੁਝ ਸਾਲ ਪਹਿਲਾਂ ਓਬਾਮਾ ਨੇ ਇੰਟਰਵਿਊਵਿੱਚ ਕਿਹਾ ਸੀ ਕਿ ਉਨ੍ਹਾਂ ਦਾ ਦੇਸ਼ ਨਸਲਵਾਦ ਦੇ ਇਤਿਹਾਸ ਤੋਂਪੂਰੀ ਤਰ੍ਹਾਂ ਉਭਰ ਨਹੀਂ ਸਕਿਆ, ਇਥੇ ‘ਐੱਨ ਸ਼ਬਦ (ਨੀਗਰੋ) ਦੀ ਵਰਤੋਂ ਅਜੇ ਵੀਹੋ ਜਾਂਦੀ ਹੈ ਅਤੇ 200-300 ਸਾਲ ਪਹਿਲਾਂ ਸਮਾਜ ਜਿਸ ਬੁਰਾਈ ਦੀ ਗ੍ਰਿਫਤਵਿੱਚ ਸੀ, ਉਸ ਨੂੰ ਇਕ ਰਾਤਵਿੱਚਪੂਰਾ ਖਤਮ ਨਹੀਂ ਕੀਤਾ ਜਾ ਸਕਦਾ।




J & S Insulation & Rebar Ltd.



Residential & Commercial

Batt Insulation, Rigid Insulation, Insulate Sprinkler, Slab Insulation, Rebar, Poly, Styrofoam


Quality Work, Free Estimates

Best Price

Sarbjit: 604.841.9849

SKY BLUE DRYWALL LTD.

Residential & Commercial



T-Bar
Steel Stud
Boarding
Taping
Ceiling Texture
Renovation
Quality Work
Free Estimates

Daljit Singh

778-549-3605

E: singh.mand@icloud.com



# ਕਾਰ ਹਾਦਸੇ 'ਚ ਟਾਈਗਰ ਵੁੱਡਜ਼ ਗੰਭੀਰ ਜ਼ਖ਼ਮੀ

ਲਾਸ ਏਂਜਲਸ-ਸਬਅਰਬਨ ਲਾਸ ਏਂਜਲਸ ਵਿੱਚ ਟਾਈਗਰ ਵੁੱਡਜ਼ ਉਸ ਸਮੇਂ ਗੰਭੀਰ ਜ਼ਖ਼ਮੀ ਹੋ ਗਏ ਜਦੋਂ ਉਨ੍ਹਾਂ ਦੀ ਐਸਯੂਵੀ ਹਾਦਸਾਗ੍ਰਸਤ ਹੋਣ ਤੋਂ ਬਾਅਦ ਪਲਟ ਗਈ ਤੇ ਸੜਕ ਤੋਂ ਹੇਠਾਂ ਜਾ ਡਿੱਗੀ। ਗੋਲਫ ਸੁਪਰਸਟਾਰ ਨੂੰ ਵਿੰਡਸ਼ੀਲਡ ਰਾਹੀਂ ਕੱਢਣਾ ਪਿਆ ਤੇ ਉਨ੍ਹਾਂ ਦੇ ਏਜੰਟ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਨ੍ਹਾਂ ਦੀ ਲੱਤ ਦੀ ਸਰਜਰੀ ਕੀਤੀ ਜਾ ਰਹੀ ਹੈ। ਨਿਊਜ਼ ਕਾਨਫਰੰਸ ਵਿੱਚ ਅਧਿਕਾਰੀਆਂ ਨੇ ਦੱਸਿਆ ਕਿ ਵੁੱਡਜ਼ ਆਪਣੀ ਐਸਯੂਵੀ ਵਿੱਚ ਇੱਕਲੇ ਸਨ ਜਦੋਂ ਸਵੇਰੇ 7:15 ਉੱਤੇ ਉਨ੍ਹਾਂ ਦੀ ਗੱਡੀ ਸੜਕ ਦੇ ਉੱਭਰੇ ਹੋਏ ਹਿੱਸੇ ਨਾਲ ਜਾ ਟਕਰਾਈ, ਦੋ ਲੇਨਜ਼ ਟੱਪਣ ਤੇ ਕਈ ਵਾਰੀ ਪਲਟਣ ਤੋਂ ਬਾਅਦ ਸੜਕ ਤੋਂ ਹੇਠਾਂ ਜਾ ਡਿੱਗੀ। ਇਸ ਹਾਦਸੇ ਵਿੱਚ ਕੋਈ ਹੋਰ ਕਾਰ ਸ਼ਾਮਲ ਨਹੀਂ ਸੀ।ਵਿੰਡਸ਼ੀਲਡ ਹਟਾ ਕੇ ਜਦੋਂ ਫਾਇਰਫਾਈਟਰਜ਼ ਨੇ ਵੁੱਡਜ਼ ਨੂੰ ਬਾਹਰ ਕੱਢਿਆ ਤਾਂ ਉਸ ਸਮੇਂ 45 ਸਾਲਾ ਇਹ ਖਿਡਾਰੀ ਪੂਰੀ ਤਰ੍ਹਾਂ ਹੋਸ਼ ਹਵਾਸ ਵਿੱਚ ਸੀ ਤੇ ਚੰਗੀ ਤਰ੍ਹਾਂ ਗੱਲਬਾਤ ਵੀ ਕਰ ਰਿਹਾ ਸੀ। ਲਾਸ ਏਂਜਲਸ ਕਾਊਂਟੀ ਸ਼ੈਰਿਫ ਐਲੈਕਸ ਵਿਲਾਨੁਏਵਾ ਨੇ ਦੱਸਿਆ ਕਿ ਹਾਦਸੇ ਦੌਰਾਨ ਏਅਰ ਬੈਗਜ਼ ਖੁੱਲ੍ਹ ਗਏ ਤੇ ਕਾਰ ਨੂੰ ਅੰਦਰੋ ਭੋਰਾ ਵੀ ਨੁਕਸਾਨ ਨਹੀਂ ਹੋਇਆ ਤੇ ਇਸੇ ਕਾਰਨ ਵੁੱਡਜ਼ ਨੂੰ ਹਾਦਸੇ ਦੌਰਾਨ ਬਹੁਤੀ ਗੰਭੀਰ ਸੱਟ ਨਹੀਂ ਲੱਗੀ। ਫਾਇਰ ਚੀਫ ਡੈਰਿਲ ਓਸਬੀ ਨੇ ਦੱਸਿਆ ਕਿ ਵੁੱਡਜ਼ ਦੀਆਂ ਦੋਵੇਂ ਲੱਤਾਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈਆਂ। ਉਨ੍ਹਾਂ ਆਖਿਆ ਕਿ ਅਜੇ ਤੱਕ ਇਸ ਗੱਲ ਦੇ ਕੋਈ ਸਬੂਤ ਨਹੀਂ ਮਿਲੇ ਹਨ ਕਿ ਵੁੱਡਜ਼ ਨੇ ਕਿਸੇ ਕਿਸਮ ਦਾ ਨਸ਼ਾ ਕੀਤਾ ਹੋਇਆ ਸੀ। ਅਧਿਕਾਰੀਆਂ ਨੇ ਆਖਿਆ ਕਿ ਉਨ੍ਹਾਂ ਵੱਲੋਂ ਸ਼ਰਾਬ ਜਾਂ ਕਿਸੇ ਹੋਰ ਨਸ਼ੀਲੇ ਪਦਾਰਥ ਵਾਲੇ ਲੱਛਣਾਂ ਦੀ ਜਾਂਚ ਕੀਤੀ ਗਈ ਪਰ ਉਨ੍ਹਾਂ ਨੂੰ ਅਜਿਹਾ ਕੁੱਝ ਨਹੀਂ ਮਿਲਿਆ। ਉਨ੍ਹਾਂ ਇਹ ਨਹੀਂ ਦੱਸਿਆ ਕਿ ਉਹ ਕਿੰਨੀ ਤੇਜ਼ੀ ਨਾਲ ਗੱਡੀ ਚਲਾ ਰਿਹਾ ਸੀ।

# ਚੀਨ 'ਚ ਹੁਣ 12-14 ਸਾਲ ਦੀ ਉਮਰ ਦੇ ਦੋਸ਼ੀਆਂ ਨੂੰ ਵੀ ਮਿਲੇਗੀ ਸਜ਼ਾ

ਬੀਜਿੰਗ-ਚੀਨ ਨੇ ਆਪਣੇ ਅੱਲੜ੍ਹ ਅਪਰਾਧਕ ਕਾਨੂੰਨ ਵਿੱਚ ਸੋਧ ਕੀਤੀ ਹੈ, ਜੋ ਇੱਕ ਮਾਰਚ ਤੋਂ ਲਾਗੂ ਹੋਵੇਗੀ। ਇਸ ਕਾਨੂੰਨ ਹੇਠ 12 ਸਾਲ ਦੇ ਮੁਲਜ਼ਮਾਂ ਨੂੰ ਵੀ ਸਜ਼ਾ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ। ਸੋਧੇ ਹੋਏ ਕਾਨੂੰਨ ਵਿੱਚ ਕਿਹਾ ਗਿਆ ਹੈ ਕਿ 12 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਨੂੰ ਜਾਣ-ਬੁੱਝ ਕੇ ਕਤਲ ਜਾਂ ਸੱਟ ਮਾਰਨ ਲਈ ਅਪਰਾਧਕ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਉਨ੍ਹਾਂ ਨੂੰ ਅਜਿਹੇ 'ਬੇਹੱਦ ਜ਼ਾਲਮ ਅਪਰਾਧਾਂ ਲਈ ਮੌਤ ਜਾਂ ਗੰਭੀਰ ਅਪਾਹਜ ਕਰਨ 'ਤੇ ਸਜ਼ਾ ਦਿੱਤੀ ਜਾਵੇਗੀ। ਬੀਤੇ ਦਸੰਬਰ ਵਿੱਚ ਨੈਸ਼ਨਲ ਪੀਪੁਲਜ਼ ਕਾਂਗਰਸ (ਐਨ ਪੀ ਸੀ) ਦੀ ਸਟੈਂਡਿੰਗ ਕਮੇਟੀ ਵੱਲੋਂ ਸੋਧ ਨੂੰ ਮਨਜ਼ੂਰੀ ਦਿੱਤੀ ਗਈ ਸੀ। ਇਸੇ ਦੌਰਾਨ ਵਿਸ਼ੇਸ਼ ਸਥਿਤੀਆਂ ਬਾਰੇ ਨਹੀਂ ਦੱਸਿਆ ਗਿਆ।ਸੁਪਰੀਮ ਕੋਰਟ ਵੱਲੋਂ ਮਾਮਲਾ-ਦਰ-ਮਾਮਲਾ ਆਧਾਰ 'ਤੇ ਇਸ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਇਸ ਤਰ੍ਹਾਂ ਦੇ ਕੇਸਾਂ ਨੂੰ ਸੁਪਰੀਮ ਕੋਰਟ ਦੇ ਐਡਵੋਕੇਟ ਵੱਲੋਂ ਮਨਜ਼ੂਰ ਕੀਤਾ ਜਾਵੇਗਾ। ਵਿਸ਼ੇਸ਼ ਸਥਿਤੀਆਂ ਵਿੱਚ ਅਪਰਾਧਕ ਜ਼ਿੰਮੇਵਾਰੀ ਦੀ ਉਮਰ ਘੱਟ ਤੋਂ ਘੱਟ ਕਰਨ ਦੇ ਕਦਮ ਨੇ ਦੇਸ਼ ਨੂੰ ਹੈਰਾਨੀ ਤੇ ਵੱਡੀ ਚਿੰਤਾ ਵਿੱਚ ਪਾ ਦਿੱਤਾ ਹੈ।ਐਨ ਸੀ ਪੀ ਦੀ ਸਟੈਂਡਿੰਗ ਕਮੇਟੀ ਦੇ ਕਮਿਸ਼ਨ ਦੇ ਇੱਕ ਅਧਿਕਾਰੀ ਨੇ ਕਿਹਾ ਨੌਜਵਾਨ ਮੁਲਜ਼ਮਾਂ ਨੂੰ ਅਪਰਾਧਕ ਤੌਰ 'ਤੇ ਜ਼ਿੰਮੇਵਾਰ ਠਹਿਰਾਉਣ ਦੀ ਪ੍ਰਥਾ ਦੀ ਅਜੇ ਸਮਝਦਾਰੀ ਨਾਲ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

# ਟੈਕਸਸ 'ਚ ਮਾਲਗੱਡੀ ਨਾਲ ਟਕਰਾਇਆ ਟਰੱਕ-ਧਮਾਕੇ ਮਗਰੋਂ ਲੱਗੀ ਅੱਗ

ਕੈਮਰੂਨ-ਸੈਂਟਰਲ ਟੈਕਸਸ ਵਿੱਚ ਇੱਕ ਟਰੈਕਟਰ ਟਰੇਲਰ ਤੇ ਮਾਲ ਗੱਡੀ ਦੀ ਟੱਕਰ ਕਾਰਨ ਜ਼ਬਰਦਸਤ ਧਮਾਕਾ ਹੋਇਆ ਤੇ ਅੱਗ ਲੱਗ ਗਈ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ। ਡੱਲਾਸ ਤੋਂ 130 ਮੀਲ ਦੱਖਣ ਵੱਲ ਕੈਮਰੂਨ ਵਿੱਚ ਹੋਏ ਇਸ ਹਾਦਸੇ ਵਿੱਚ ਅਜੇ ਤੱਕ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ। ਅਧਿਕਾਰੀਆਂ ਨੇ ਆਖਿਆ ਕਿ ਅੱਗ ਲੱਗਣ ਕਾਰਨ ਇਸ ਇਲਾਕੇ ਦੇ ਕਈ ਘਰਾਂ ਨੂੰ ਫੌਰੀ ਖਾਲੀ ਕਰਵਾ ਲਿਆ ਗਿਆ ਮਿਲਮ ਕਾਊਂਟੀ ਜੱਜ ਸਟੀਵ ਯੰਗ ਨੇ ਦੱਸਿਆ ਕਿ ਟਰੱਕ ਜ਼ੋਰ ਨਾਲ ਗੱਡੀ ਨਾਲ ਜਾ ਟਕਰਾਇਆ, ਜਿਸ ਕਾਰਨ 14 ਬੋਗੀਆਂ ਲੀਹ ਤੋਂ ਲਹਿ ਗਈਆਂ। ਮਿਲਮ ਕਾਊਂਟੀ ਸ਼ੈਰਿਫ ਕ੍ਰਿਸ ਵਾਈਟ ਨੇ ਆਖਿਆ ਕਿ ਗੱਡੀ ਵਿੱਚ ਕੋਇਲਾ ਤੇ ਗੈਸੋਲੀਨ ਲਿਜਾਈ ਜਾ ਰਹੀ ਸੀ, ਜਿਸ ਕਾਰਨ ਅੱਗ ਲੱਗ ਗਈ। ਉਨ੍ਹਾਂ ਆਖਿਆ ਕਿ ਗੱਡੀ ਦੇ ਪਿਛਲੇ ਹਿੱਸੇ ਵਿੱਚ ਹੋਰ ਬਲਨਸ਼ੀਲ ਸਮੱਗਰੀ ਸੀ ਪਰ ਉਹ ਨਹੀਂ ਡੁੱਲ੍ਹੀ। ਵਾਈਟ ਨੇ ਆਖਿਆ ਕਿ ਹਾਲ ਦੀ ਘੜੀ ਹੋਰ ਕੋਈ ਖ਼ਤਰਾ ਨਹੀਂ ਹੈ।




METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com




# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਦਾ ਅਮਲੀ ਪੱਖ

**ਸ. ਮੁਕੰਦ ਸਿੰਘ ਨਾਦ**

ਸ੍ਰਿਸ਼ਟੀ ਦੇ ਆਦਿ ਤੋਂ ਲੈ ਕੇ, ਅੱਜ ਤੋਂ ਪੰਜ ਸੌ ਸਾਲ ਪਹਿਲਾਂ ਤਕ,ਸੰਸਾਰ ਵਿਚ ਬਹੁਤ ਸਾਰੀਆਂ ਕੌਮਾਂ ਪੈਦਾ ਹੋਈਆਂ, ਲੱਖਾਂ ਕਬੀਲੇ ਹੋਂਦ ਵਿਚ ਆਏ, ਹਜ਼ਾਰਾਂ ਉਮਤਾਂ ਪ੍ਰਚਲਿਤ ਹੋਈਆਂ ਤੇ

> **ਸ੍ਰੀ ਗੁਰੂ ਨਾਨਕ ਦੇਵ ਜੀ ਏਨੇ ਸਾਹਸੀ ਅਤੇ ਸਨੇਹੀ ਸੁਭਾਅ ਦੇ ਮਾਲਕ ਸਨ ਕਿ ਉਨ੍ਹਾਂ ਨੇ ਕਿਸੇ ਵੀ ਮਤਿ-ਵਿਸ਼ੇਸ਼ ਜਾਂ ਸਾਧਨਾਂ-ਪ੍ਰਣਾਲੀ ਦੀ ਨਿੰਦਿਆ ਨਹੀਂ ਕੀਤੀ, ਸਗੋਂ ਆਪਣੀ ਜੀਵਨ ਕ੍ਰਿਆ ਨਾਲ ਸਮਾਜ ਦੇ ਭੁੱਲੇ ਆਗੂਆਂ ਨੂੰ ਰਾਹ-ਰਾਸਤੇ ਤੇ ਲਿਆਂਦਾ। ਉਨ੍ਹਾਂ ਦੇ ਜੀਵਨ ਕਾਲ ਵਿਚ ਹੀ ਪਾਖੰਡਾਂ, ਭਰਮਾਂ ਤੇ ਬਾਹਰਲੇ ਆਚਰਨਾਂ ਦਾ ਅਲੋਪ ਹੋਣਾ ਸ਼ੁਰੂ ਹੋ ਗਿਆ ਸੀ ਤੇ ਸਰਬ-ਸਾਂਝੇ ਮਨੁੱਖੀ ਸਿਧਾਂਤ ਹੋਂਦ ਵਿਚ ਆਉਣ ਲੱਗ ਪਏ ਸਨ।**

ਸੈਂਕੜੇ ਧਰਮ ਸਮੁੰਦਰ ਦੀ ਸਤਹ ਤੇ ਉਭਰੇ ਪਰ ਕੋਈ ਵੀ ਕੌਮ ਜਾਂ ਮੁਲਕ ਇਕ ਅਜਿਹਾ ਠੋਸ, ਮਾਨਵ-ਸਾਂਝੀ-ਵਾਲਤਾ ਦਾ ਨਿਜ਼ਾਮ ਨਾ ਪੈਦਾ ਕਰ ਸਕਿਆ ਜਿਹੜਾ ਕਿ ਸਾਰੇ ਵਿਤਕਰੇ ਮਿਟਾ ਕੇ ਸੰਸਾਰ ਨੂੰ ਇਕ ਪੱਧਰ ਤੇ ਲੈ ਆਉਂਦਾ। ਮਨੁੱਖ ਨੇ ਦੇਸ਼ ਅਤੇ ਕੌਮ, ਲਹੂ ਅਤੇ ਰੰਗ ਦੇ ਆਧਾਰ ਤੇ ਜਿਹੜੇ ਵੱਖ-ਵੱਖ ਫਿਰਕੇ ਬਣਾ ਲਏ ਸਨ ਤੇ, ਉਨਾਂ ਹੀ ਦੁਫੇੜਾਂ ਕਾਰਨ, ਜਿਹੜਾ ਮਾਨਵ-ਘਾਤਦਾ ਅਰੁਕ ਚੱਕਰ ਚੱਲ ਰਿਹਾ ਸੀ ਉਸ ਨੂੰ ਥੰਮਿਆ ਜਾਂਦਾ। ਕਰੂਰਤਾ ਦਾ ਇਕ ਝੱਖੜ ਸੀ ਜਿਹੜਾ ਸਾਰੀ ਧਰਤ ਲੋਕਾਈ ਤੇ ਝੁਲ ਰਿਹਾ ਸੀ। ਸਾਰੇ ਮਨੁੱਖ, ਜਿਹੜੇ ਵਾਸਤਵ ਵਿਚ ਇਕ ਹੀ ਰੱਬ ਪਿਤਾ ਦੇ ਪੁੱਤਰ ਸਨ, ਇਕ ਦੂਜੇ ਦੇ ਲਹੂ ਦੇ ਤ੍ਰਿਹਾਏ ਬਣ ਬੈਠੇ ਸਨ। ਉਹ ਕੇਵਲ ਇਸ ਲਈ ਕਿ ਉਹ ਰੰਗ ਦੇ ਲਿਹਾਜ਼ ਨਾਲ ਵੱਖ-ਵੱਖ ਸਨ। ਇਹ ਭਿੰਨਤਾ ਘਟਣ ਦੀ ਥਾਂ, ਦਿਨੋਂ-ਦਿਨ ਵਧਦੀ ਹੀ ਗਈ ਤੇ ਹਰ ਸਾਲ ਰੱਬ ਜਾਣੇ ਕਿੰਨੇ ਹੀ ਵਿਰਦੋਸ਼ ਪ੍ਰਾਣੀ ਨਫਰਤ ਦੀ ਅੰਨ੍ਹੀ-ਛੁਰੀ ਦੇ ਭੇਟ ਚੜ੍ਹ ਜਾਂਦੇ। ਏਸ ਸਮੇਂ ਵਿਚਕਾਰ ਹਜ਼ਾਰਾਂ ਧਰਮ ਹੋਂਦ ਵਿਚ ਆਏ। ਉਹ ਆਪਣੇ ਦੌਰ ਵਿਚ ਵਧੇ-ਫੁੱਲੇ ਵੀ ਖ਼ੂਬ ਕਰੋੜਾਂ ਮਨੁੱਖ ਉਨਾਂ ਦੇ ਸ਼ਰਧਾਲੂ ਵੀ ਬਣੇ। ਪਰ ਮਨੁੱਖੀ ਵਿਤਕਰਿਆਂ ਦਾ ਪਾੜ, ਜਿਹੜਾ ਉਨ੍ਹਾਂ ਆਪ ਹੀ ਪੁੱਟਿਆ ਸੀ, ਭਰਿਆ ਨਾ ਜਾ ਸਕਿਆ। ਸਮੂਹ ਇਤਿਹਾਸਕਾਰ ਇਸ ਗੱਲ ਤੇ ਸਹਿਮਤ ਹਨ ਕਿ ਛੇਵੀਂ ਸਦੀ ਈਸਵੀ ਦੇ ਅਖੀਰ ਤਕ, ਸਾਰੀ ਦੁਨੀਆ ਦੇ ਉੱਤੇ, ਜਹਾਲਤ ਦਾ ਹਨੇਰਾ ਪਸਰ ਚੁਕਿਆ ਸੀ। ਈਰਾਨ,ਮਿਸਰ,ਚੀਨ, ਰੂਸ, ਭਾਰਤ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵਿਚ, ਰੂਹਾਨੀਅਤ ਦੀਆਂ ਕਦਰਾਂ-ਕੀਮਤਾਂ, ਉੱਕਾ ਹੀ ਡਿਗ ਚੁਕੀਆਂ ਸਨ। ਅਸਮਾਜਿਕਤਾ ਦੇ ਦੁਰਗੁਣ ਮਨੁੱਖਾਂ ਦੇ ਦਿਲਾਂ ਵਿਚ ਡੂੰਘੇ ਬੈਠ ਚੁਕੇ ਸਨ। ਸੋ, ਇਸ ਧੁੰਦੂ-ਕਾਲ ਦੇ ਸਮੇਂ ਸ੍ਰੀ ਗੁਰੂ ਨਾਨਕ ਸਾਹਿਬ ਦਾ ਜਨਮ ਇਕ ਚਾਨਣ-ਮੁਨਾਰੇ ਦੀ ਹੈਸੀਅਤ ਰੱਖਦਾ ਹੈ। ਮਹਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਉਨ੍ਹਾਂ ਦੇ ਜੀਵਨ ਚਰਿੱਤਰ ਦਾ ਅਧਿਐਨ ਕਰਦਿਆਂ ਇਹ ਪ੍ਰੱਤਖ ਹੋ ਜਾਂਦਾ ਹੈ ਕਿ ਫ਼ਲਸਫ਼ਾ ਕੋਰਾ ਸਿਧਾਂਤਿਕ ਵਿਸ਼ਲੇਸ਼ਣ ਨਹੀਂ ਸੀ, ਸਗੋਂ ਅਮਰ ਸਚਾਈਆਂ ਦਾ ਇਕ ਅਮਲੀ ਰੂਪ ਸੀ। ਸੱਚੇ ਸੌਦੇ ਦੀ ਸਾਖੀ ਤੋਂ ਲੈ ਕੇ ਮੋਦੀ ਖਾਨੇ ਦੀ ਸਾਖੀ ਤਕ, ਪੁਰੀ ਦੀ ਆਰਤੀ, ਬਗਦਾਦ, ਮੱਕਾ, ਮੁਲਤਾਨ ਦੀਆਂ ਫੇਰੀਆਂ, ਸਿੱਧਾਂ ਨਾਲ, ਵਲੀ ਕੰਧਾਰੀ, ਸੱਜਣ ਠੱਗ ਤੇ ਕੌਡੇ ਰਾਖਸ਼ ਨਾਲ ਗੋਸ਼ਟਾਂ, ਗ੍ਰਿਹਸਥੀ ਜੀਵਨ ਅਤੇ ਕਰਤਾਰਪੁਰ ਦੀ ਖੇਤੀ ਆਦਿ ਪ੍ਰਸਿੱਧ ਘਟਨਾਵਾਂ, ਉਨ੍ਹਾਂ ਦੇ ਫ਼ਲਸਫ਼ੇ ਦੇ ਅਮਲੀ ਪੱਖ ਦਾ ਹੀ ਲਿਸ਼ਕਾਰਾ ਹਨ। ਨਾਨਕ ਨਿਰੰਕਾਰੀ ਦੇ ਕ੍ਰਿਆਤਮਿਕ ਵੀਚਾਰ ਏਨੇ ਪ੍ਰਬਲ ਸਨ ਕਿ ਹਿੰਦੂ ਮੁਸਲਮਾਨ ਤੇ ਹੋਰ ਉਚ-ਨੀਚ ਦੇ ਵਿਤਕਰਿਆਂ ਨਾਲ ਸੜੇ-ਬਲੇ ਸਮਾਜ ਨੂੰ ਸ਼ਾਂਤਮਈ ਬਣਾ ਦਿੱਤਾ ਤੇ ਸਾਰੇ ਭਾਰਤ ਵਿਚ ਇਹ ਨਾਹਰਾ ਗੂੰਜ ਉਠਿਆ : ਏਕੁ ਪਿਤਾ ਏਕਸ ਕੇ ਹਮ ਬਾਰਿਕ.....॥

ਸ੍ਰੀ ਗੁਰੂ ਨਾਨਕ ਦੇਵ ਜੀ ਏਨੇ ਸਾਹਸੀ ਅਤੇ ਸਨੇਹੀ ਸੁਭਾਅ ਦੇ ਮਾਲਕ ਸਨ ਕਿ ਉਨ੍ਹਾਂ ਨੇ ਕਿਸੇ ਵੀ ਮਤਿ-ਵਿਸ਼ੇਸ਼ ਜਾਂ ਸਾਧਨਾਂ-ਪ੍ਰਣਾਲੀ ਦੀ ਨਿੰਦਿਆ ਨਹੀਂ ਕੀਤੀ, ਸਗੋਂ ਆਪਣੀ ਜੀਵਨ ਕ੍ਰਿਆ ਨਾਲ ਸਮਾਜ ਦੇ ਭੁੱਲੇ ਆਗੂਆਂ ਨੂੰ ਰਾਹ-ਰਾਸਤੇ ਤੇ ਲਿਆਂਦਾ। ਉਨ੍ਹਾਂ ਦੇ ਜੀਵਨ ਕਾਲ ਵਿਚ ਹੀ ਪਾਖੰਡਾਂ, ਭਰਮਾਂ ਤੇ ਬਾਹਰਲੇ ਆਚਰਨਾਂ ਦਾ ਅਲੋਪ ਹੋਣਾ ਸ਼ੁਰੂ ਹੋ ਗਿਆ ਸੀ ਤੇ ਸਰਬ-ਸਾਂਝੇ ਮਨੁੱਖੀ ਸਿਧਾਂਤ ਹੋਂਦ ਵਿਚ ਆਉਣ ਲੱਗ ਪਏ ਸਨ। ਇਨ੍ਹਾਂ ਕੁਝ ਕੁ ਵੰਨਗੀਆਂ ਵਿੱਚੋਂ ਹੁੰਦਾ ਹੈ ਕਿ ਉਨ੍ਹਾਂ ਨੇ, ਸੋਚ, ਸੰਤੋਖ, ਨਿਮਰਤਾ, ਰੱਬ ਦਾ ਪਿਤਾ ਵਾਂਗ ਆਦਰ ਹੋਣਾ, ਮਨੁੱਖ ਦਾ ਭਰਾਤਰੀ-ਭਾਵ, ਸੰਜਮ,ਦਇਆ, ਤਨ ਅਤੇ ਮਨ ਦੀ ਪਵਿੱਤਰਤਾ, ਵਿਹਾਰ ਦੀ ਸ਼ੁੱਧਤਾ, ਆਤਮਾ ਤੇ ਪਰਾਮਤਾ ਦੀ ਖੋਜ, ਮਰਦ ਅਤੇ ਇਸਤਰੀ ਦੀ ਬਰਾਬਰੀ, ਸੇਵਾ, ਖਾਣ-ਪਹਿਨਣ ਦੀ ਖੁੱਲ, ਆਦਿ ਸਰਬ-ਸਾਂਝੇ ਮਨੁੱਖੀ ਗੁਣਾਂ ਦਾ ਅਮਲੀ ਪ੍ਰਚਾਰ ਕੀਤਾ, ਜਿਹੜੇ ਕਿ ਕਿਸੇ ਵੀ ਦੇਸ਼, ਵਰਨ ਜਾਂ ਕੌਮ ਲਈ ਹਿੱਤਕਾਰੀ ਸਿਧ ਹੋ ਸਕਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਵਿਚ ਨੈਤਿਕ ਆਚਾਰ-ਵਿਹਾਰ ਉੱਤੇ ਜਿੰਨਾ ਜ਼ੋਰ ਦਿੱਤਾ ਗਿਆ ਹੈ ਉਨਾ ਸ੍ਰਿਸ਼ਟੀ ਦੀ ਉਤਪਤੀ ਜਾਂ ਆਤਮਾ ਦੇ ਸਰੂਪ ਉੱਤੇ ਨਹੀਂ ਦਿੱਤਾ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਲਸਫ਼ੇ ਤੋਂ ਵੀ ਵਧੇਰੇ ਰੌਚਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਹੈ। ਚਰਿੱਤਰ, ਉਦਾਰ ਤੇ ਵਿਸ਼ਾਲ ਦਿਲ, ਸ੍ਰੀ ਗੁਰੂ ਨਾਨਕ ਦੇਵ ਜੀ ਕੇਵਲ ਅਧਿਆਤਮਵਾਦੀ ਨਹੀਂ ਸਨ ਉਹ ਕ੍ਰਾਂਤੀਕਾਰੀ ਵੀ ਸਨ। ਇਸ ਲਈ ਉਨ੍ਹਾਂ ਹਿੰਦੂ ਧਰਮ ਦੀਆਂ ਰਹੁ-ਰੀਤਾਂ ਦਾ ਤੇ ਇਸਲਾਮ ਦੀ ਸ਼ਰਅ-ਸ਼ੱਰੀਅਤ ਦਾ ਏਨਾ ਸਾਂਝਾ ਰੂਪ ਨਹੀਂ ਘੜਿਆ ਜਿੰਨਾ ਸਾਂਝੇ ਸਮਾਜ ਦਾ, ਜੀਵਨਮੁਕਤ, ਸਹਿਜ, ਗੁਰਮੁਖ, ਸੇਵਾ ਧਰਮੀ ਸਮਾਜ ਦਾ ਸੁੰਦਰ ਰੂਪ ਥਪਿਆ, ਜਿਸ ਵਿਚ ਬਾਲਾ-ਮਰਦਾਨਾ, ਲਾਲੋ-ਭਾਗੋ,ਵਾਲੀ ਕੰਧਾਰੀ ਤੇ ਪੰਗਤ ਵਿਚ ਬੈਠੇ ਦਿਖਾਈ ਦਿੰਦੇ ਹਨ। ਇਸ ਸੁਹੇਲੇ ਜੀਵਨ-ਮਾਰਗ ਨੂੰ ਭਾਈ ਗੁਰਦਾਸ ਨੇ ਗਾਡੀ ਰਾਹ ਕਹਿ ਕੇ ਪੁਕਾਰਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਗਾਡੀ ਰਾਹ ਦੀਆਂ ਹੀ ਬਰਕਤਾਂ ਸਨ ਕਿ ਥੋੜੇ ਸਮੇਂ ਵਿਚ ਹੀ ਸੰਸਾਰ ਦੇ ਸੱਭਿਆਚਾਰਕ ਖੇਤਰ ਵਿਚ ਇਕ ਮਹਾਨ ਇਨਕਲਾਬ ਪੈਦਾ ਹੋ ਗਿਆ। ਸਮੂਹ ਮਨੁੱਖ-ਮਾਤਰ ਵਿਚ ਪ੍ਰਸਪਰ ਏਕਤਾ ਦੇ ਭਾਵ ਉਜਾਗਰ ਹੋ ਗਏ। ਰੰਗ ਰੂਪ ਦੀ ਬਜਾਏ ਇਖ਼ਲਾਕੀ ਉੱਚਤਾ ਹੀ ਕਿਸੇ ਸਰੇਸ਼ਟ ਮਨੁੱਖ ਦਾ ਚਿੰਨ੍ਹ ਸਮਝਿਆ ਜਾਣ ਲੱਗ ਪਿਆ ਅਤੇ ਵਾਸਤਵ ਵਿੱਚ ਇਹ ਹੀ ਉਹ ਠੋਸ ਅਤੇ ਠੀਕ ਕੀਮਤਾਂ ਸਨ, ਜਿਨ੍ਹਾਂ ਦੇ ਲਾਗੂ ਹੋਣ ਨਾਲ ਕਰੋੜਾਂ ਮਨੁੱਖਾਂ ਜਾਨਾਂ ਸੁਰੱਖਿਅਥ ਹੋ ਗਈਆਂ ਜਿਹੜੇ ਕਿ ਬੇ-ਬੁਨਿਆਦ ਵਿਤਕਰਿਆਂ ਦੇ ਆਧਾਰ ਤੇ ਹੋਣ ਵਾਲਿਆਂ ਲੜਾਈਆਂ ਵਿਚ ਮਰਦੇ ਸਨ ਤੇ ਸੰਸਾਰ ਵਿੱਚੋਂ ਨਫਰਤ ਅਤੇ ਵੈਰ-ਵਿਰੋਧ ਦੀ ਡੂੰਘੀ ਖਲੀਜ ਦਾ ਵਜੂਦ ਮਿਟ ਗਿਆ ਜਿਸ ਵਿਚ ਹਰ ਸਮੇਂ ਮਨੁੱਖਾਂ ਨੇ ਮਨੁੱਖਾਂ ਨੂੰ ਗ਼ਰਕ ਕੀਤਾ ਸੀ। ਇਹ ਸਭ ਕੁਝ ਹੀ ਸ੍ਰੀ ਗੁਰੂ ਨਾਨਕ ਜੀ ਦੇ ਮਹਾਨ ਅਮਲੀ ਵੀਚਾਰਾਂ ਦਾ ਹੀ ਸਿੱਟਾ ਹੈ।











# ਝੜਦੇ ਵਾਲ ਕੋਈ ਹੱਸਣ ਵਾਲੀ ਗੱਲ ਨਹੀਂ



ਸਾਡੀਆਂ ਪ੍ਰਯੋਗਸ਼ਾਲਾਵਾਂ ਵਿਚ ਗ੍ਰਾਹਕਾਂ ਦੁਆਰਾ ਪੁੱਛੇ ਜਾਣ ਵਾਲੇ ਸਭ ਤੋਂ ਆਮ ਪ੍ਰਸ਼ਨ ਹਨ:

**(1) ਮੇਰੇ ਵਾਲ ਕਿਉ ਝੜ ਰਹੇ ਹਨ ?**

**(2) ਕੀ ਮੈਂ ਆਪਣੀ ਮਦਦ ਕਰਨ ਲਈ ਕੁਝ ਕਰ ਸਕਦਾ ਹਾਂ ?**

ਆਦਮੀ ਅਤੇ ਔਰਤਾਂ ਦੇ ਵਾਲ ਝੜਨ ਦੇ ਬਹੁਤ ਸਾਰੇ ਕਾਰਨ ਹਨ, ਉਨ੍ਹਾਂ ਵਿਚੋਂ ਕੁਝ ਹਨ:

(1) ਹਾਰਮੋਨਲ ਅਸੰਤੁਲਨ (2) ਵਾਲਾਂ ਨੂੰ ਰੰਗਣ ਨਾਲ ਹੋਣ ਵਾਲਾ ਨੁਕਸਾਨ, ਪਰਮਿੰਗ ਆਦਿ

(3) ਤਣਾਅ (4) ਸਾਫ ਸਫਾਈ ਨਾ ਰਖਣਾ (5) ਗਲਤ ਖਾਣ-ਪੀਣ

(6) ਬੀਮਾਰੀ ਅਤੇ ਕਈ ਹੋਰ ਕਾਰਨ.

ਕੀ ਤੁਸੀਂ ਹੇਠਾਂ ਲਿਖੀਆਂ ਤਬਦੀਲੀਆਂ ਵੇਖ ਰਹੇ ਹੋ ?

**(1) ਵਧੇਰੇ ਵਾਲ ਝੜਦੇ ਹੋਣ (2) ਸਿਕਰੀ (3) ਖਾਰਸ਼ ਹੋਣਾ**

**(4) ਜ਼ਿਆਦਾ ਤੇਲ ਰਹਿਣਾ (5) ਖੁਸ਼ਕੀ**

**(6) ਚੀਰ ਦਾ ਵੱਡਾ ਹੋਣਾ (7) ਵਾਲ ਹਲਕੇ ਹੋਣਾ**

ਜੇ ਤੁਸੀਂ ਉਪਰੋਕਤ ਨੂੰ ਨੋਟ ਕਰ ਰਹੇ ਹੋ, ਤਾਂ ਤੁਸੀਂ ਆਪਣੀ ਵਾਲ ਗਵਾਉਣੇ ਸ਼ੁਰੂ ਹੋ ਗਏ ਹੋ। ਤੁਹਾਡੇ ਵਾਲ ਝੜਨ ਅਤੇ ਖੋਪੜੀ ਦੀ ਸਥਿਤੀ ਨੂੰ ਠੀਕ ਕਰਨ ਲਈ ਇਹ ਫੈਸਲਾ ਕਰਨ ਤੋਂ ਪਹਿਲਾਂ, ਅਸੀਂ ਜੋਰਦਾਰ ਸਿਫਾਰਿਸ਼ ਕਰਦੇ ਹਾਂ ਕਿ ਤੁਹਾਨੂੰ ਇੱਕ ਵਿਜ਼ੂਅਲਾਈਜੇਸ਼ਨ ਮਾਈਕਰੋਸੋਪਿਕ ਟੈਸਟ ਕਰਵਾਉਣਾ ਚਾਹੀਦਾ ਹੈ। ਇਹ ਤੁਹਾਡੇ ਵਾਲ ਝੜਨ ਦੀ ਸਮੱਸਿਆ ਦਾ ਮੂਲ ਕਾਰਨ ਸਮਝਣ ਵਿੱਚ ਮਦਦ ਕਰੇਗਾ, ਅਤੇ ਕਿਵੇਂ ਤੁਸੀ ਆਪਣੀ ਸਥਿਤੀ ਨੂੰ ਸਹੀ ਕਰ ਸਕਦੇ ਹੋ।

**ਇਸ ਵੇਲੇ ਵਿਜ਼ੂਅਲਾਈਜੇਸਨ ਮਾਈਕਰੋਸਕੋਪਿਕ ਟੈਸਟ ਕੋਈ ਖਰਚਾ ਨਹੀਂ ਹੈ।**

ਕਿਰਪਾ ਕਰਕੇ ਮੁਲਾਕਾਤ ਕਰਨ ਲਈ ਕਾਲ ਕਰੋ.

## ਐਚ ਐਫ ਲੇਜ਼ਰ ਸਕਿਨ ਕਲਿਨਿਕ

**Vancouver, BC**

3077 Granville St #100, Vancouver, BC V6H 3J9

**604 423-6044**

**www.Hairfreeclinics.com www.micronlabs.com**

ਅਸੀਂ ਤੁਹਾਡੀ ਸਮੱਸਿਆ ਨੂੰ ਹੱਲ ਸਕਦੇ ਹਾਂ, ਤੁਹਾਨੂੰ ਇਕ ਗੰਜਾ ਆਦਮੀ ਹੋਣ ਦੀ ਕੋਈ ਲੋੜ ਨਹੀਂ।





# ਸਿਰਫ 42 ਦਿਨਾਂ ਵਿਚ ਤਾਪਸੀ-ਤਾਹਿਰ ਨੇ ਪੂਰੀ ਕੀਤੀ 'ਲੂਪ ਲਪੇਟਾ' ਦੀ ਸ਼ੂਟਿੰਗ

ਇਨ੍ਹੀਂ ਦਿਨੀਂ ਕਈ ਫਿਲਮਾਂ ਦੀ ਸ਼ੂਟਿੰਗ ਰਿਕਾਰਡ ਟਾਈਮ ਵਿੱਚ ਪੂਰੀ ਕੀਤੀ ਜਾ ਰਹੀ ਹੈ। ਮਿਸਾਲ ਦੇ ਤੌਰ 'ਤੇ ਕਾਰਤਿਕ ਆਰੀਅਨ ਨੇ 'ਧਮਾਕਾ ਨੂੰ ਸਿਰਫ 10 ਦਿਨ ਵਿੱਚ ਸ਼ੂਟ ਕਰ ਦਿੱਤਾ ਸੀ। ਇਸੇ ਤਰ੍ਹਾਂ ਸੋਨਮ ਕਪੂਰ ਆਹੂਜਾ ਨੇ ਵੀ 'ਬਲਾਈਂਡ ਸ਼ੂਟ ਕਰਨ ਵਿੱਚ ਸਿਰਫ 39 ਦਿਨ ਲਾਏ ਸਨ। ਤਾਪਸੀ ਪੰਨੂ ਤੇ ਤਾਹਿਰ ਰਾਜ ਭਸੀਨ ਨੇ ਕਈ ਫਿਲਮਾਂ ਵਿੱਚ ਬਿਜ਼ੀ ਰਹਿੰਦੇ ਹੋਏ ਵੀ 'ਲੂਪ ਲਪੇਟਾ' ਨੂੰ ਸਿਰਫ 42 ਦਿਨਾਂ ਵਿੱਚ ਪੂਰਾ ਕਰ ਲਿਆ ਹੈ। ਦੱਸਣਾ ਬਣਦਾ ਹੈ ਕਿ ਆਕਾਸ਼ ਭਾਟੀਆ ਦੇ ਨਿਰਦੇਸ਼ਨ ਵਿੱਚ ਬਣੀ ਇਹ ਇੱਕ ਥ੍ਰਿਲਰ-ਕਾਮੇਡੀ ਫਿਲਮ ਹੈ, ਜਿਸ ਦੀ ਕਹਾਣੀ ਨੂੰ 1998 ਵਿੱਚ ਰਿਲੀਜ਼ ਹੋਈ ਜਰਮਨ ਕਲਾਸਿਕ ਕਲਟ ਫਿਲਮ 'ਰਨ ਲੋਲਾ ਰਨ' ਤੋਂ ਅਡੈਪਟ ਕੀਤਾ ਗਿਆ ਹੈ। ਇਸ ਬਾਰੇ ਤਾਹਿਰ ਕਹਿੰਦੇ ਹਨ, ਅਸੀਂ ਮਿਡ ਦਸੰਬਰ ਵਿੱਚ ਸਾਰੇ ਸੇਫਟੀ ਪ੍ਰੋਟੋਕਾਲਸ ਨਾਲ ਸ਼ੂਟਿੰਗ ਸ਼ੁਰੂ ਕੀਤੀ ਸੀ। ਸੈੱਟ 'ਤੇ ਪਹੁੰਚਦੇ ਹੀ ਪਹਿਲਾ ਕੰਮ ਆਕਸੀਜਨ ਲੈਵਲ ਚੈੱਕ ਕਰਨਾ ਹੁੰਦਾ ਸੀ। ਫਿਰ ਪੂਰਾ ਬਾਡੀ ਸਪਰੇਅ ਕੀਤਾ ਜਾਂਦਾ ਸੀ। ਪੂਰੀ ਵੈਨਿਟੀ ਤੱਕ ਸੈਨੀਟਾਈਜ਼ ਹੁੰਦੀ ਸੀ। ਵੱਡੀ ਗੱਲ ਇਹ ਹੈ ਕਿ ਸੈੱਟ 'ਤੇ ਬਿਲਕੁਲ ਏਅਰਪੋਰਟ ਵਾਲੀ ਸਕਿਓਰਿਟੀ ਹੁੰਦੀ ਸੀ, ਯਾਨੀ ਰੋਜ਼ ਅੱਧਾ-ਪੌਣਾ ਘੰਟਾ ਇਨ੍ਹਾਂ ਸਭ ਗੱਲਾਂ ਵਿੱਚ ਜਾਣ ਦੇ ਬਾਵਜੂਦ ਅਸੀਂ ਸਿਰਫ 42 ਦਿਨਾਂ ਵਿੱਚ ਇਸ ਦੀ ਸ਼ੂਟਿੰਗ ਕੰਪਲੀਟ ਕਰ ਦਿੱਤੀ। ਇਸ ਰੋਮਾਂਟਕ ਜੇਨਰ ਦੀ ਫਿਲਮ ਵਿੱਚ ਤਾਪਸੀ ਅਤੇ ਤਾਹਿਰ 'ਤੇ ਕੁਝ ਰੋਮਾਂਟਿਕ ਸੀਨ ਵੀ ਫਿਲਮਾਏ ਗਏ ਹਨ। ਇਸ ਬਾਰੇ ਤਾਹਿਰ ਨੇ ਦੱਸਿਆ, "ਇਨ੍ਹਾਂ ਸੀਨ ਦੀ ਸ਼ੂਟਿੰਗ ਦੌਰਾਨ ਅਸੀਂ ਐਕਸਟਰਾ ਸੇਫਟੀ ਪ੍ਰਿਕਾਸ਼ਨ ਲੈਂਦੇ ਸੀ, ਉਹ ਇਸ ਲਈ ਕਿ ਇਸ ਵਿੱਚ ਕੋ-ਸਟਾਰ ਨੇ ਨੇੜੇ ਆਉਣਾ ਹੈ, ਉਹ ਵੀ ਬਿਨਾਂ ਮਾਸਕ ਦੇ। ਹਰ ਦੂਸਰੇ ਤੀਸਰੇ ਦਿਨ ਸਾਨੂੰ ਨੇੜੇ ਆ ਕੇ ਡਾਇਲਾਗ ਡਿਲਿਵਰ ਕਰਨੇ ਹੁੰਦੇ ਸਨ। ਸ਼ੂਟ ਦੇ ਦੌਰਾਨ ਇੱਕ ਹੀ ਪਲੇਟ ਵਿੱਚ ਖਾਣਾ ਖਾਣਾ ਹੁੰਦਾ ਸੀ। ਅਜਿਹੇ ਵਿੱਚ ਸਾਡੇ ਸਾਰੇ ਕਲਾਕਾਰਾਂ ਦੇ ਆਰ ਟੀ ਪੀ ਸੀ ਆਰ ਟੈਸਟ ਹੁੰਦੇ ਸਨ। ਉਸ ਟੈਸਟ ਦੀ ਰਿਪੋਰਟ ਨੈਗੇਟਿਵ ਆਉਣ 'ਤੇ ਹੀ ਰੋਮਾਂਟਿਕ ਸੀਨ ਫਿਲਮਾਏ ਜਾਂਦੇ ਸਨ।"









## ਇਮਰਾਨ ਦੇ ਰੋਮਾਂਟਿਕ ਸਿੰਗਲ ਨੇ ਦਿਲ ਜਿੱਤਿਆ

ਬਾਲੀਵੁੱਡ ਐਕਟਰ ਇਮਰਾਨ ਹਾਸ਼ਮੀ ਦੇ ਫੈਨਸ ਦੇ ਲਈ ਚੰਗੀ ਖਬਰ ਹੈ। ਇਮਰਾਨ ਪਿੱਛੇ ਜਿਹੇ ਇੱਕ ਵਾਰ ਫਿਰ ਰੋਮਾਂਸ ਕਰਦੇ ਨਜ਼ਰ ਆਏ ਹਨ। ਉਹ ਰੋਮਾਂਟਿਕ ਸਿੰਗਲ 'ਲੁਟ ਗਏ' ਟਾਈਟਲ ਵਾਲੇ ਵੀਡੀਓ ਵਿੱਚ ਦਿਖਾਈ ਦਿੱਤੇ ਹਨ। ਵੀਡੀਓ ਵਿੱਚ ਇਮਰਾਨ ਦੇ ਨਾਲ ਯੁਕਤੀ ਥਰੇਜਾ ਹੈ। ਟੀ-ਸੀਰੀਜ਼ ਵੱਲੋਂ ਸਮਰਥਿਤ ਰੋਮਾਂਟਿਕ ਗੀਤ ਨੂੰ ਤਨਿਸ਼ਕ ਬਾਗਚੀ ਨੇ ਕੰਪੋਜ਼ ਕੀਤਾ ਹੈ, ਜਿਸ ਨੂੰ ਮਨੋਜ ਮੁੰਤਸ਼ਿਰ ਨੇ ਲਿਖਿਆ ਅਤੇ ਜੁਬਿਨ ਨੌਟਿਆਲ ਨੇ ਗਾਇਆ ਹੈ। ਗਾਣੇ ਦਾ ਐਲਾਨ ਕਰਦੇ ਇਮਰਾਨ ਨੇ ਇੰਸਟਾਗ੍ਰਾਮ 'ਤੇ ਸਾਂਝਾ ਕਰਦੇ ਹੋਏ ਲਿਖਿਆ, "ਵਿਅਕਤੀ ਦੇ ਚਲੇ ਜਾਣ 'ਤੇ ਵੀ ਪਿਆਰ ਬਣਿਆ ਰਹਿੰਦਾ ਹੈ। ਉਸ ਕਹਾਣੀ ਨੂੰ ਉਜਾਗਰ ਕਰੋ ਅਤੇ 'ਲੁਟ ਗਏ ਦੇ ਜ਼ਰੀਏ ਲਵ-ਟੂ-ਡੈੱਥ 'ਤੇ ਵਾਅਦਾ ਕਰਦੀ ਹੈ।" ਰਾਧਿਕਾ ਰਾਓ ਅਤੇ ਵਿਨੇ ਸਪਰੂ ਦੇ ਨਿਰਦੇਸ਼ਨ ਵਾਲਾ ਸੰਗੀਤ ਵੀਡੀਓ ਯਕੀਨਨ ਇਮਰਾਨ ਹਾਸ਼ਮੀ ਦੇ ਪ੍ਰਸ਼ੰਸਕਾਂ ਲਈ ਕਾਫੀ ਖਾਸ ਹੈ। ਦੱਸਣ ਯੋਗ ਹੈ ਕਿ ਪਿੱਛੇ ਜਿਹੇ ਖਬਰ ਆਈ ਸੀ ਕਿ ਸਲਮਾਨ ਖਾਨ ਅਤੇ ਕੈਟਰੀਨਾ ਕੈਫ ਸਟਾਰਰ ਫਿਲਮ 'ਟਾਈਗਰ 3 ਵਿੱਚ ਇਮਰਾਨ ਹਾਸ਼ਮੀ ਵਿਲੇਨ ਦੇ ਰੋਲ ਵਿੱਚ ਆਉਣਗੇ। ਇਮਰਾਨ ਇੱਕ ਬਿਹਤਰੀਨ ਅਭਿਨੇਤਾ ਹਨ ਅਤੇ ਮੇਕਰਸ ਦਾ ਮੰਨਣਾ ਹੈ ਕਿ ਉਹ ਇਸ ਰੋਲ ਨੂੰ ਬਾਖੂਬੀ ਨਿਭਾਉਣਗੇ।



## ਅਨੰਨਿਆ ਪਾਂਡੇ ਕਰੇਗੀ 'ਐਕਸ਼ਨ'

ਅਨੰਨਿਆ ਪਾਂਡੇ ਦੀ ਅਗਲੀ ਫਿਲਮ ਵਿਜੇ ਦੇਵਰਕੋਂਡਾ ਨਾਲ 'ਲਾਈਗਰ ਹੈ। ਖਬਰ ਹੈ ਕਿ ਇਸ ਵਿੱਚ ਅਨੰਨਿਆ ਵੀ ਐਕਸ਼ਨ ਅਵਤਾਰ ਵਿੱਚ ਆਵੇਗੀ। ਉਹ ਇਸ ਫਿਲਮ ਵਿੱਚ ਚਾਰ ਤਰ੍ਹਾਂ ਫਿਲਮ ਇੰਡਸਟਰੀ ਵਿੱਚ ਡੈਬਿਊ ਕਰੇਗੀ। ਇਸ ਬਾਰੇ ਅਨੰਨਿਆ ਕਹਿੰਦੀ ਹੈ, "ਬੇਸ਼ੱਕ! ਮੈਂ ਦੋ ਸਾਲ ਪਹਿਲਾਂ ਹੀ ਹਿੰਦੀ ਫਿਲਮ ਇੰਡਸਟਰੀ ਵਿੱਚ ਸ਼ੁਰੂਆਤ ਕੀਤੀ ਹੈ ਅਤੇ ਇਸ ਵਕਤ ਮੈਂ ਚਾਰ ਹੋਰ ਭਾਸ਼ੀ ਇੰਡਸਟਰੀ ਵਿੱਚ ਸ਼ੁਰੂਆਤ ਕਰ ਰਹੀ ਹਾਂ। ਇਹ ਚਾਰ ਗੁਣਾ ਘਬਰਾਹਟ ਦੇ ਨਾਲ ਐਕਸਾਈਟ ਕਰਨ ਵਾਲੀ ਫੀਲਿੰਗ ਹੈ। ਇਸ ਵਿੱਚ ਦਰਸ਼ਕ ਮੈਨੂੰ ਐਕਸ਼ਨ ਅਵਤਾਰ ਵਿੱਚ ਦੇਖਣਗੇ, ਉਹ ਵੀ ਹਥਿਆਰਾਂ ਦੇ ਨਾਲ। ਮੈਨੂੰ ਇਸ ਦੇ ਲਈ ਕਾਫੀ ਮਿਹਨਤ ਕਰਨੀ ਪਈ ਹੈ। ਮੈਂ ਇਸ ਫਿਲਮ ਨੂੰ ਅਲੱਗ-ਅਲੱਗ ਭਾਸ਼ਾਵਾਂ ਵਿੱਚ ਲੋਕਾਂ ਤੱਕ ਪਹੁੰਚਣ ਦੇ ਲਈ ਬਹੁਤ ਐਕਸਾਈਟਿਡ ਹਾਂ। ਮੈਂ ਇਸ ਫਿਲਮ ਲਈ ਤੇਲਗੂ ਵੀ ਸਿੱਖੀ ਹੈ।"



Gold Key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| SURREY<br>(604) 502 - 0441<br>FAX (604) 502-0417 | 5-8430 128TH ST.<br>SURREY, BC<br>V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| VANCOUVER<br>(604) 325 - 1241<br>FAX (604) 325-1414 | 4038 KNIGHT ST.<br>VANCOUVER, BC<br>V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

ICBC autoplan

OPEN 7 DAYS

www.goldkeyinsurance.ca


Rajan MANGOES
ARE HERE!
available only at
fruiticana
SINCE 1994
LOWEST PRICES IN TOWN
Extra Extra Super Special
RAJAN MANGOES
ਰਾਜਨ ਹੇਡਨ ਅੰਬ (HADEN) 4 kg
$12.99 BOX
Sher Besan (Chana Flour) 4 lbs
ਸ਼ੇਰ ਵੇਸਣ
$3.98 ea.
Fresh Methi
ਤਾਜਾ ਮੇਥੀ
$1.49 bunch
Red Onions 25 lbs
ਲਾਲ ਗੰਢੇ
$7.99 bag
Reg. Large Eggplants
ਵੱਡੇ ਬਤਾਊਂ
2 for $1.50
Britannia Wheat Rusk 305 g
ਬ੍ਰਿਟੇਨੀਆ ਕਣਕ ਦੇ ਰੱਸ
99¢ pkg.
Britannia Punjabi Biscuits 620 g
ਬ੍ਰਿਟੈਨੀਆ ਪੰਜਾਬੀ ਬਿਸਕੁਟ
$3.99 pkg.
Golden Temple Flour 20 lbs
ਗੋਲਡਨ ਟੈਂਪਲ ਆਟਾ
$9.98 bag
Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag
Extra Super Super Special
Roma Tomatoes
ਟਮਾਟਰ ਰੋਮਾ
59¢ lb
Extra Super Super Special
Cilantro
ਧਨੀਆ
3 bunches for 99¢
Super Special
Spinach
ਪਾਲਕ
2 bunches for $1.59
Super Special
Yellow Onions 50 lbs
ਪੀਲੇ ਗੰਢੇ
Lowest Price in Canada
$7.99 bag
Super Special
Almonds
ਬਦਾਮ
$3.98 lb
Super Special
Fresh Garlic
ਤਾਜਾ ਲਸਣ
99¢ lb
Super Special
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$1.98 ea.
Super Special
Long English Cucumbers
ਲੰਬੇ ਇੰਗਲਿਸ਼ ਖੀਰੇ
2 for 99¢
Zucchini Squash
ਜ਼ੁਕੀਨੀ ਸਕੁਐਸ਼
59¢ lb
Green Bell Peppers
ਹਰੀ ਸ਼ਿਮਲਾ ਮਿਰਚਾਂ
79¢ lb
Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag
Large Seedless Oranges
ਵੱਡੇ ਸੰਤਰੇ (ਬਿਨਾਂ ਬੀਜ ਤੋਂ)
88¢ lb
Gala Apples USA #1
ਗਾਲਾ ਸੇਬ ਯੂ.ਐਸ.ਏ #੧
98¢ lb
Rapini (Sarson da Saag)
ਸਰਸੋਂ ਦਾ ਸਾਗ
$2.49 bunch
Daikon
ਮੂਲੀ
88¢ lb
Broccoli Crown
ਬਰੋਕਲੀ ਕਰਾਉਨ
98¢ lb
Opo Squash
ਓਪੋ ਕੱਦੂ
79¢ lb
Red Delicious Apples US #1
ਲਾਲ ਸਵਾਦ ਸੇਬ ਯੂ.ਐਸ. #੧
88¢ lb
Fresh Ginger
ਤਾਜਾ ਅਦਰਕ
$1.88 lb
Ahmed Mango Pickle (Achar) 1kg
ਅਹਿਮਦ ਅੰਬ ਅਚਾਰ
$2.99 ea.
Green Cardamom (Elaichi) IBG
ਹਰੀ ਇਲਾਇਚੀ (ਆਈ.ਬੀ.ਜੀ)
$26.99 lb
Bhogpur Moti Cane Sugar 100% Vegetarian 15 lbs
ਭੋਗਪੁਰ ਮੋਟੀ ੧੦੦% ਵੈਜੀਟੇਰੀਅਨ ਗੰਨੇ ਦੀ ਖੰਡ
$8.98 bag
Indican Punjabi Cane White Sugar 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$4.49 bag
Indican Brown Sugar 8 lbs
ਇੰਡੀਕੇਨ ਭੂਰੀ ਖੰਡ
$4.98 bag
KTC Pomace Olive Oil 3L
ਕੇ.ਟੀ.ਸੀ ਜੈਤੂਨ ਪੌਮੇਸ ਦਾ ਤੇਲ
$9.98 ea.
Indican Punjabi Cookies 2.2 lbs
ਇੰਡੀਕੇਨ ਪੰਜਾਬੀ ਬਿਸਕੁਟ
$4.99 pkg.
Indican Chickpeas Red Lentil Whole 4 lbs
ਇੰਡੀਕੇਨ ਚਿੱਟੇ ਛੋਲੇ ਮਸਰਾਂ ਦੀ ਸਾਬਤ ਦਾਲ
$2.49 bag
Product images may differ from the actual product.
Thur Feb 25, 2021 - Thur Mar 04, 2021
We reserve the right to limit the quantities while they last
fruiticana
Head Office: 7676 Anvil Way, Surrey
604-502-0005
www.fruiticana.com
BUSINESS HOURS
9 AM - 8 PM
7 DAYS A WEEK
Newton ----------- 13783 72nd Ave. Surrey ---- 604-590-2080
Newton ----------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Surrey ------------ 12990 72nd Ave. -------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ------------------ 604-372-2023
Surrey ------------ 101-7228 192St. --------------- 604-575-3750
Abbotsford ------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. ---------------- 604-321-9931
Richmond -------- 4101 No.5 Rd. ----------------- 604-244-9520